MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 11 ISSUE : 31 SATURDAY, 5 AUGUST, 2023

www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


# ਪ੍ਰਧਾਨ ਮੰਤਰੀ ਟਰੂਡੋ ਤੇ ਪਤਨੀ ਵਲੋਂ ਇਕ ਦੂਸਰੇ ਤੋਂ ਵੱਖ ਹੋਣ ਦਾ ਐਲਾਨ



ਓਟਵਾ-18 ਸਾਲਾਂ ਦੀ ਵਿਆਹੁਤਾ ਜਿੰਦਗੀ ਪਿੱਛੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਪਤਨੀ ਸੋਫੀ ਗ੍ਰੈਗੋਇਰ ਟਰੂਡੋ ਨੇ ਇਕ ਦੂਸਰੇ ਤੋਂ ਵੱਖ ਹੋਣ ਦਾ ਐਲਾਨ ਕੀਤਾ ਹੈ। ਦੋਵਾਂ ਨੇ ਅਜੇ ਵੀ ਬੱਚਿਆਂ ਨੂੰ ਰਲ ਕੇ ਪਾਲਣ ਦਾ ਫੈਸਲਾ ਕੀਤਾ ਹੈ ਪਰ ਦੋਵੇਂ ਵੱਖ ਵੱਖ ਰਹਿਣਗੇ। ਇੰਸਟਾਗ੍ਰਾਮ 'ਤੇ ਇੱਕ ਨਿੱਕਾ ਜਿਹਾ ਬਿਆਨ ਜਾਰੀ ਕਰਕੇ ਜਸਟਿਨ ਟਰੂਡੋ ਨੇ ਆਖਿਆ ਕਿ ਬਹੁਤ ਸਾਰੀ ਅਰਥਭਰਪੂਰ ਤੇ ਔਖੀ ਗੱਲਬਾਤ ਪਿੱਛੋਂ ਉਨ੍ਹਾਂ ਦੋਵਾਂ ਨੇ ਵੱਖਰੇ ਹੋਣ ਦਾ ਫੈਸਲਾ ਕੀਤਾ ਹੈ। ਇਸ ਪੋਸਟ ਵਿੱਚ ਟਰੂਡੋ ਨੇ ਆਖਿਆ ਕਿ ਹਮੇਸ਼ਾ ਵਾਂਗ ਹੀ ਅਸੀਂ ਪਰਿਵਾਰ ਵਜੋਂ ਇੱਕ ਦੂਜੇ ਨਾਲ ਜੁੜੇ ਰਹਾਂਗੇ ਤੇ ਇੱਕ ਦੂਜੇ ਦਾ ਆਦਰ ਸਤਿਕਾਰ ਕਰਾਂਗੇ। ਅਸੀਂ ਹੁਣ ਤੱਕ ਜੋ ਵੀ ਬਣਾਇਆ ਹੈ ਤੇ ਜੋ ਅੱਗੇ ਬਣਾਂਵਾਂਗੇ ਉਹ ਸਾਡਾ ਸਾਰਿਆਂ ਦਾ ਹੋਵੇਗਾ। ਇਸੇ ਪੋਸਟ ਨੂੰ ਗ੍ਰੈਗੋਇਰ ਟਰੂਡੋ ਦੇ ਅਕਾਊਂਟ ਤੋਂ ਵੀ ਸਾਂਝਾ ਕੀਤਾ ਗਿਆ। ਸਾਬਕਾ ਟੈਲੀਵੀਜ਼ਨ ਪੇਸ਼ਕਾਰ ਗ੍ਰੈਗੋਇਰ ਟਰੂਡੋ ਦੀ ਜਸਟਿਨ ਟਰੂਡੋ ਦੇ ਸਿਆਸੀ ਜੀਵਨ ਵਿਚ ਪ੍ਰਮੁੱਖ ਭੂਮਿਕਾ ਰਹੀ ਹੈ ਅਤੇ ਉਹ ਮਾਨਸਿਕ ਸਿਹਤ ਤੇ ਜੈਂਡਰ ਸਮਾਨਤਾ ਸਮੇਤ ਕਈ ਚੈਰੀਟੇਬਲ ਤੇ ਸਮਾਜਿਕ ਕੰਮਾਂ ਦੀ ਐਡਵੋਕੇਟ ਵਜੋਂ ਆਪਣੇ ਆਪ ਵਿਚ ਇਕ ਜਨਤਕ ਸ਼ਖਸੀਅਤ ਬਣ ਗਈ ਹੈ। ਦੋਵਾਂ ਨੇ ਕਈ ਵਾਰ ਆਪਣੇ ਰਿਸ਼ਤੇ ਤੇ ਵਿਆਹ ਦੀਆਂ ਚੁਣੌਤੀਆਂ ਬਾਰੇ ਖੁਲ੍ਹ ਕੇ ਗੱਲਬਾਤ ਕੀਤੀ ਹੈ। ਬੱਚਿਆਂ ਦੀ ਭਲਾਈ ਲਈ ਟਰੂਡੋ ਨੇ ਕੈਨੇਡਾ ਵਾਸੀਆਂ ਨੂੰ ਪਰਿਵਾਰ ਦੀ ਨਿੱਜਤਾ ਦੀ ਕਦਰ ਕਰਨ ਲਈ ਆਖਿਆ। ਇੱਥੇ ਦੱਸਣਯੋਗ ਹੈ ਕਿ ਟਰੂਡੋ ਤੇ ਸੋਫੀ ਦਾ ਵਿਆਹ 28 ਮਈ, 2005 ਨੂੰ ਹੋਇਆ ਸੀ ਤੇ ਉਨ੍ਹਾਂ ਦੇ ਤਿੰਨ ਬੱਚੇ ਹਨ, 15 ਸਾਲਾ ਜੇਵੀਅਰ, 14 ਸਾਲਾ ਐਲਾ-ਗ੍ਰੇਸ ਤੇ ਨੌਂ ਸਾਲਾ ਹੈਡਰੀਅਨ। ਇੱਕ ਵੱਖਰੀ ਰਿਲੀਜ ਵਿੱਚ ਪ੍ਰਧਾਨ ਮੰਤਰੀ ਦਫ਼ਤਰ (ਪੀਐਮਓ) ਵੱਲੋਂ ਇਸ ਗੱਲ ਦੀ ਤਸਦੀਕ ਕੀਤੀ ਗਈ *(ਬਾਕੀ ਸਫ਼ਾ 10 'ਤੇ)*

## ਟਰੂਡੋ ਦੇ ਮਾਪੇ ਵੀ ਹੋਏ ਸੀ ਵੱਖ



ਪ੍ਰਧਾਨ ਮੰਤਰੀਆਂ ਦੀ ਨਿੱਜੀ ਜਿੰਦਗੀ ਨੂੰ ਆਮ ਤੌਰ 'ਤੇ ਨਿੱਜੀ ਮਾਮਲੇ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਪਰ ਪਿਅਰੇ ਟਰੂਡੋ ਦੇ ਮਾਰਗਰੇਟ ਸਿੰਕਲੇਅਰ ਨਾਲ ਰਿਸ਼ਤਾ ਜਿਸ ਵਿਚ ਉਨ੍ਹਾਂ ਦਾ 1971 ਵਿਚ ਹੋਇਆ ਵਿਆਹ ਤੇ 1977 ਵਿਚ ਵੱਖ ਹੋਣਾ ਸ਼ਾਮਿਲ ਹੈ ਦੀ ਕਾਫੀ ਚਰਚਾ ਹੋਈ ਸੀ। ਪਿਅਰੇ ਟਰੂਡੋ ਪਹਿਲੇ ਪ੍ਰਧਾਨ ਮੰਤਰੀ ਸਨ ਜਿਨ੍ਹਾਂ ਦਾ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਹੁੰਦਿਆਂ ਵਿਆਹ ਹੋਇਆ ਸੀ ਅਤੇ ਉਹ ਪਹਿਲੇ ਪ੍ਰਧਾਨ ਮੰਤਰੀ ਸਨ ਜਿਹੜੇ ਜਨਤਕ ਤੌਰ 'ਤੇ ਆਪਣੇ ਸਾਥੀ ਤੋਂ ਵੱਖ ਹੋਏ ਸਨ। ਬਾਅਦ ਵਿਚ ਮਾਰਗਰੇਟ ਟਰੂਡੋ ਨੇ ਮਾਨਸਿਕ ਸਿਹਤ ਨਾਲ ਲੰਬਾ ਸੰਘਰਸ਼ ਕਰਨ ਬਾਰੇ ਖੁਲਾਸਾ ਕੀਤਾ ਸੀ। ਜਸਟਿਨ ਟਰੂਡੋ ਜਿਸ ਦਾ ਜਨਮ ਮਾਪਿਆਂ ਦੇ ਵਿਆਹ ਤੋਂ 9 ਮਹੀਨੇ ਬਾਅਦ ਹੋਇਆ ਸੀ ਨੇ ਇਕ ਬੱਚੇ ਦੇ ਰੂਪ ਵਿਚ ਉਨ੍ਹਾਂ ਦਾ ਤਲਾਕ ਹੀ ਦੇਖਿਆ ਅਤੇ ਉਨ੍ਹਾਂ ਕਾਮਨ ਗਰਾਊਂਡ ਵਿਚ ਉਨ੍ਹਾਂ ਸਾਲਾਂ ਬਾਰੇ ਕਾਫੀ ਕੁਝ ਲਿਖਿਆ ਹੈ।


For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

MORTGAGE SPECIALIST!
Residential Construction, Commercial and Private Mortgages
- Pre - Approval available in 24 Hours - rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

CROWN FUNDING
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
HARRY KHOSA
Mortgage Consultant
harpreetfunding@gmail.com
@harpreetfunding
@HARPREETFUNDING
Ph: 778.558.9745

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas and Associates

People involved in a dispute or injury need strong, experienced representation. As a legal team with over 50 years' experience

# We're raising the bar.

- Personal Injury
- ICBC Claims
- Family Law
- Immigration
- Employment Law
- Estate Litigation
- Insurance Denials

"Throughout the legal procedure, Simpson, Thomas & Associates have been clear, compassionate and efficient. The firm offers services in different languages which is helpful to my parents who are not familiar with Canadian laws."

– Hannah St

BBB ACCREDITED BUSINESS

We have translators fluent in Hindi and Punjabi.

Reach out for a legal consultation.

604 689 8888 simpsonthomas.com @stalawyers

Surey Office
701 – 13761 96th Avenue
Surrey, BC V3V 0E8

Vancouver Office
501 – 808 Nelson Street
Vancouver, BC V6Z 2H2

Scan QR code to set up a legal consultation with us

Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 31 SATURDAY, 5 AUGUST, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600ਅਤੇ 105.3 'ਤੇ
Radio Punjab
Available on the App Store
Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.ca

## ਤਨਮਨਜੀਤ ਸਿੰਘ ਢੇਸੀ ਨੂੰ ਹਵਾਈ ਅੱਡੇ 'ਤੇ ਰੋਕਿਆ



ਅੰਮ੍ਰਿਤਸਰ-ਇੰਗਲੈਂਡ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੂੰ ਸਥਾਨਕ ਰਾਜਾਸਾਂਸੀ ਸਥਿਤ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਦਸਤਾਵੇਜ਼ਾਂ ਦੀ ਘਾਟ ਕਾਰਨ ਲਗਪਗ ਦੋ ਘੰਟੇ ਰੋਕ ਕੇ ਰੱਖਿਆ ਗਿਆ। ਦਸਤਾਵੇਜ਼ ਪੂਰੇ ਹੋਣ ਮਗਰੋਂ ਉਨ੍ਹਾਂ ਨੂੰ ਜਾਣ ਦਿੱਤਾ ਗਿਆ। ਸੂਤਰਾਂ ਅਨੁਸਾਰ ਸ੍ਰੀ ਢੇਸੀ ਅੱਜ ਸਵੇਰੇ ਏਅਰ ਇੰਡੀਆ ਦੀ ਉਡਾਣ ਰਾਹੀਂ ਲੰਡਨ ਤੋਂ ਅੰਮ੍ਰਿਤਸਰ ਪੁੱਜੇ ਸਨ, ਪਰ ਇੱਥੇ ਦਸਤਾਵੇਜ਼ਾਂ ਦੀ ਘਾਟ ਕਾਰਨ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਹੀ ਰੋਕ ਲਿਆ। ਦੱਸਿਆ ਗਿਆ ਹੈ ਕਿ ਸੰਸਦ ਮੈਂਬਰ ਕੋਲ ਪਰਮਿਟ (ਓਸੀ ਆਈ ਕਾਰਡ) ਨਹੀਂ ਸੀ। ਲਗਪਗ ਦੋ ਘੰਟੇ ਬਾਅਦ ਦਸਤਾਵੇਜ਼ ਪੂਰੇ ਹੋਣ ਮਗਰੋਂ ਉਹ ਹਵਾਈ ਅੱਡੇ ਤੋਂ ਬਾਹਰ ਆਏ।

# ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ 'ਚ ਦੂਜੀ ਵਾਰ ਘਿਰੇ ਚਾਹਲ

ਚੰਡੀਗੜ੍ਹ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਾਬਕਾ ਸਲਾਹਕਾਰ ਭਰਤਇੰਦਰ ਸਿੰਘ ਚਾਹਲ ਦੂਜੀ ਵਾਰੀ ਵਿਜੀਲੈਂਸ ਦੇ ਨਿਸ਼ਾਨੇ 'ਤੇ ਆਏ ਹਨ। ਇਸ ਤੋਂ ਪਹਿਲਾਂ ਅਕਾਲੀ-ਭਾਜਪਾ ਸਰਕਾਰ ਦੇ 2007 ਤੋਂ 2012 ਦੇ ਕਾਰਜਕਾਲ ਦੌਰਾਨ ਵਿਜੀਲੈਂਸ ਨੇ ਪਟਿਆਲਾ 'ਚ ਹੀ ਭਰਤਇੰਦਰ ਸਿੰਘ ਚਾਹਲ ਤੇ ਪਰਿਵਾਰਕ ਮੈਂਬਰਾਂ 'ਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦਾ ਮਾਮਲਾ ਦਰਜ ਕੀਤਾ ਸੀ। ਇਸ ਮਾਮਲੇ 'ਚ ਅਦਾਲਤ ਨੇ ਚਾਹਲ ਨੂੰ ਬਰੀ ਕਰ ਦਿੱਤਾ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਭਰਤਇੰਦਰ ਸਿੰਘ ਚਾਹਲ ਨੂੰ ਗ੍ਰਿਫਤਾਰ ਕਰਨ 'ਤੇ ਰੋਕ ਲਾਈ ਹੋਈ ਹੈ। ਵਿਜੀਲੈਂਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਦਾਲਤ ਨੇ ਸਿਰਫ਼ ਗ੍ਰਿਫਤਾਰੀ 'ਤੇ ਰੋਕ ਲਾਈ ਹੈ। ਇਸ ਲਈ ਵਿਜੀਲੈਂਸ ਨੂੰ ਕਿਸੇ ਵੀ ਤਰ੍ਹਾਂ ਦੀ ਜਾਂਚ ਕਰਨ ਤੋਂ ਨਹੀਂ ਰੋਕਿਆ ਗਿਆ। ਸੀਨੀਅਰ ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਚ ਅਦਾਲਤ ਦੀਆਂ ਇਹ ਵੀ ਹਦਾਇਤਾਂ ਸਨ ਕਿ ਜੇਕਰ ਚਾਹਲ ਖਿਲਾਫ਼ ਕੋਈ ਜਾਂਚ ਚੱਲ ਰਹੀ ਹੈ ਤਾਂ ਉਸ ਦਾ ਨਿਪਟਾਰਾ 4 ਅਗਸਤ ਤੱਕ ਕੀਤਾ ਜਾਣਾ ਚਾਹੀਦਾ ਹੈ। ਲਿਹਾਜ਼ਾ ਸਾਬਕਾ ਸਲਾਹਕਾਰ ਖਿਲਾਫ਼ ਕਈ ਮਹੀਨਿਆਂ ਤੋਂ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਦੀ ਜਾਂਚ ਚੱਲ ਰਹੀ ਸੀ ਤੇ ਜਦੋਂ ਸਾਰੇ ਤੱਥਾਂ ਦੀ ਪੁਸ਼ਟੀ ਕਰ ਲਈ ਗਈ ਤਾਂ ਮਾਮਲਾ ਦਰਜ ਕਰ ਲਿਆ ਗਿਆ ਹੈ। ਚਾਹਲ ਨੂੰ ਕੈਪਟਨ ਅਮਰਿੰਦਰ ਸਿੰਘ ਦੇ ਅਤਿ ਕਰੀਬੀ ਵਿਅਕਤੀਆਂ 'ਚੋਂ ਇੱਕ ਮੰਨਿਆ ਜਾਂਦਾ ਹੈ। ਉਹ ਕੈਪਟਨ ਅਮਰਿੰਦਰ ਸਿੰਘ ਦੇ ਪਲੇਠੇ ਕਾਰਜਕਾਲ 2002 ਤੋਂ 2007 ਸਮੇਂ ਮੀਡੀਆ ਸਲਾਹਕਾਰ ਦੇ ਅਹੁਦੇ 'ਤੇ ਰਿਹਾ। ਮਹੱਤਵਪੂਰਨ ਤੱਥ ਇਹ ਹੈ ਕਿ ਲੋਕ ਸੰਪਰਕ ਵਿਭਾਗ ਦੇ ਇਸ ਸਾਬਕਾ ਅਫ਼ਸਰ ਦਾ ਪ੍ਰਸ਼ਾਸਕੀ ਸਫ਼ਰ ਅਕਸਰ ਵਿਵਾਦਾਂ ਵਿੱਚ ਹੀ ਘਿਰਿਆ ਰਿਹਾ ਹੈ।



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਜਸਵਿੰਦਰ ਬਾਸੀ ਨੇ ਜਿੱਤਿਆ 10 ਲੱਖ ਡਾਲਰ ਦਾ ਲੋਟੋ ਡਰਾਅ

ਸਰੀ-ਇਕ ਪੰਜਾਬੀ ਜਸਵਿੰਦਰ ਬਾਸੀ ਨੇ 10 ਲੱਖ ਡਾਲਰ ਦਾ ਲੋਟੋ ਡਰਾਅ ਜਿੱਤਿਆ ਹੈ। ਬਾਸੀ ਨੇ ਲੋਟੋ ਮੈਕਸ ਟਿੱਕਟ ਨੌਰਥ ਡੈਲਟਾ ਵਿਚ 64ਵੀਂ ਐਵੀਨਿਊ ਵਿਖੇ ਸਕੋਟ ਰੋਡ 'ਤੇ 7-ਇਲੈਵਨ ਸਟੋਰ ਤੋਂ ਖਰੀਦਿਆ ਸੀ। ਸਥਾਨਕ ਕਨਵੀਨੈਂਸ ਸਟੋਰ 'ਤੇ ਉਤਸ਼ਾਹ ਨਾਲ ਖਰੀਦੀ ਟਿਕਟ ਨੇ ਸਰੀ ਵਾਸੀ ਨੂੰ ਕਰੋੜਪਤੀ ਬਣਾ ਦਿੱਤਾ ਹੈ। ਜਦੋਂ ਉਸ ਨੂੰ ਪਤਾ ਲੱਗਾ ਕਿ 25 ਜੁਲਾਈ ਦੇ ਡਰਾਅ ਵਿਚ ਕਿਸੇ ਨੇ 35 ਮਿਲੀਅਨ ਦਾ ਜੈਕਪਾਟ ਜਿੱਤਿਆ ਹੈ ਤਾਂ ਉਸ ਨੇ ਆਪਣਾ ਟਿਕਟ ਚੈੱਕ ਕੀਤਾ ਤੇ ਉਸ ਨੂੰ ਪਤਾ ਲੱਗਾ ਕਿ ਉਸ ਨੇ ਵੀ 10 ਲੱਖ ਡਾਲਰ ਦਾ ਮੈਕਸਮਿਲੀਅਨਜ਼ ਪ੍ਰਾਈਜ਼ ਜਿੱਤਿਆ ਹੈ ਕਿਉਂਕਿ ਉਸ ਨੇ ਵੀ ਉਸੇ ਡਰਾਅ ਦਾ ਟਿਕਟ ਖਰੀਦਿਆ ਸੀ। ਬਾਸੀ ਯਾਦ ਕਰਦਾ ਹੋਇਆ ਦੱਸਦਾ ਹੈ ਕਿ ਉਹ ਬੁੱਧਵਾਰ ਸਵੇਰੇ ਉੱਠਿਆ ਤੇ ਆਪਣਾ ਫੋਨ ਦੇਖ ਪਤਾ ਲੱਗਾ ਕਿ ਕੈਮਲੂਪਸ ਤੇ ਕਿਸੇ ਵਿਅਕਤੀ ਨੇ 35 ਮਿਲੀਅਨ ਡਾਲਰ ਦਾ ਲੋਟੋ ਜੈਕਪਾਟ ਜਿੱਤਿਆ ਹੈ, ਇਸ ਲਈ ਉਸ ਨੇ ਸੋਚਿਆ ਕਿ ਉਹ







ਆਪਣੀ ਟਿਕਟ ਦੇਖੇ। ਉਸ ਨੇ ਲੋਟੋ ਐਪ 'ਤੇ ਆਪਣੀ ਟਿਕਟ ਚੈੱਕ ਕੀਤੀ ਅਤੇ ਉਸ ਨੇ ਦੇਖਿਆ ਕਿ ਉਸ ਨੇ 10 ਲੱਖ ਡਾਲਰ ਦਾ ਲੋਟੋ ਡਰਾਅ ਜਿੱਤਿਆ ਹੈ। ਇਹ ਦੇਖਣ ਪਿੱਛੋਂ ਉਸ ਨੂੰ ਤਸੱਲੀ ਜਿਹੀ ਹੋਈ। ਬਾਸੀ ਨੇ ਅੱਗੇ ਦੱਸਿਆ ਕਿ ਜਿੱਤ ਬਾਰੇ ਆਪਣੀ ਪਤਨੀ ਤੇ ਬੱਚਿਆਂ ਨੂੰ ਦੱਸਣ ਲਈ ਉਸ ਤੋਂ ਉਡੀਕ ਕਰਨੀ ਔਖੀ ਹੋ ਗਈ। ਮੇਰੇ ਵਲੋਂ ਜਾਣਕਾਰੀ ਦੇਣ 'ਤੇ ਪਤਨੀ ਖੁਸ਼ ਹੋ ਗਈ ਪਰ ਉਸ ਨੂੰ ਪਹਿਲਾਂ ਮੇਰੇ 'ਤੇ ਵਿਸ਼ਵਾਸ਼ ਨਹੀਂ ਹੋਇਆ। ਹੁਣ ਮੇਰੇ ਬੱਚੇ ਫ਼ੈਸਲਾ ਕਰ ਰਹੇ ਹਨ ਕਿ ਸਾਨੂੰ ਖੁਸ਼ੀ ਮਨਾਉਣ ਲਈ ਕੀ ਕਰਨਾ ਚਾਹੀਦਾ ਹੈ। ਬਾਸੀ ਨੇ ਦੱਸਿਆ ਕਿ ਜਿੱਤ ਤੋਂ ਬਾਅਦ ਆਪਣੀ ਪਤਨੀ ਨਾਲ ਯੂਰਪ ਵਿਚ ਛੁੱਟੀਆਂ ਮਨਾਉਣ ਦੀ ਯੋਜਨਾ ਬਣਾ ਰਿਹਾ ਹੈ। ਉਹ ਹਮੇਸ਼ਾ ਯੂਰਪ ਨੂੰ ਦੇਖਣਾ ਚਾਹੁੰਦੀ ਹੈ ਅਤੇ ਹੁਣ ਅਸੀਂ ਨੂੰ ਹਕੀਕਤ ਬਣਾ ਸਕਦੇ ਹਾਂ।






## ਆਰਸੀਐਮਪੀ ਨੂੰ ਬਦਲਣ ਲਈ ਸੂਬੇ ਸਰਕਾਰ ਦੇ ਸਿਆਣਪ ਭਰੇ ਸ਼ਬਦਾਂ ਦੀ ਕਰ ਰਹੀ ਹਾਂ ਉਡੀਕ-ਬਰੈਂਡਾ ਲੋਕ

ਸਰੀ-ਸ਼ਹਿਰ ਦੀ ਮੇਅਰ ਬਰੈਂਡਾ ਲੋਕ ਦਾ ਕਹਿਣਾ ਕਿ ਉਹ ਸੂਬਾ ਸਰਕਾਰ ਦੇ ਇਨ੍ਹਾਂ ਸਿਆਣਪ ਭਰੇ ਸ਼ਬਦਾਂ ਨੂੰ ਸੁਣਨ ਦੀ ਉਡੀਕ ਕਰ ਰਹੀ ਹੈ ਕਿ ਉਹ ਆਰਸੀਐਮਪੀ ਦੀ ਥਾਂ ਸਰੀ ਪੁਲਿਸ ਸਰਵਿਸ ਨੂੰ ਕਿਵੇਂ ਬਦਲੇਗੀ। ਨਾਉ-ਲੀਡਰ ਨਾਲ ਇਕ ਮੁਲਾਕਾਤ ਵਿਚ ਬਰੈਂਡਾ ਨੇ ਕਿਹਾ ਕਿ ਉਹ ਕਹਿ ਰਹੀ ਹੈ ਕਿ ਗੇਂਦ ਹੁਣ ਤੁਹਾਡੇ ਪਾਲੇ ਵਿਚ ਹੈ। ਮੇਰਾ ਮਤਲਬ ਹੈ ਕਿ ਉਨ੍ਹਾਂ ਨੇ ਫ਼ੈਸਲਾ ਕੀਤਾ ਹੈ ਕਿ ਉਹ ਹੁਕਮ ਕਰ ਰਹੇ ਹਨ ਕਿ ਸਰੀ ਸ਼ਹਿਰ ਵਿਚ ਪੁਲਿਸ ਦਾ ਪ੍ਰਬੰਧ ਕਿਸ ਤਰ੍ਹਾਂ ਦਾ ਹੋਵੇਗਾ, ਇਸ ਲਈ ਹੁਣ ਉਨ੍ਹਾਂ ਨੇ ਸਾਨੂੰ ਦੱਸਣਾ ਹੈ ਕਿ ਇਹ ਪ੍ਰਬੰਧ ਕਿਸ ਤਰ੍ਹਾਂ ਦਾ ਦਿਸੇਗਾ ਅਤੇ ਅਸੀਂ ਉਨ੍ਹਾਂ ਨੂੰ ਉਨ੍ਹਾਂ



ਦੀ ਯੋਜਨਾ ਬਾਰੇ ਪੁੱਛਿਆ ਹੈ, ਉਨ੍ਹਾਂ ਨੇ ਸਾਨੂੰ ਅਜੇ ਕੁਝ ਨਹੀਂ ਦੱਸਿਆ, ਇਸ ਲਈ ਉਹ ਉਡੀਕ ਕਰ ਰਹੀ ਹੈ। ਅਸੀਂ ਉਨ੍ਹਾਂ ਨੂੰ ਪੁੱਛਿਆ ਕਿ ਸਾਡੀ ਯੋਜਨਾ ਵਿਚ ਉਨ੍ਹਾਂ ਨੂੰ ਕਿਹੜੀ ਕਮੀ ਦਿਸੀ ਹੈ ਪਰ ਉਹ ਮੈਨੂੰ ਦੱਸ ਨਹੀਂ ਸਕੇ। ਸੂਬਾ ਸਰਕਾਰ ਨੇ ਟਰਾਂਜ਼ੀਸ਼ਨ ਪ੍ਰਕਿਰਿਆ ਨੂੰ ਨੇਪਰੇ ਚਾੜ੍ਹਨ ਵਿਚ ਮਦਦ ਲਈ ਜੈਸਿਕਾ ਮੈਕਡੋਨਾਲਡ ਨੂੰ ਸਟਰੈਟਜਿਕ ਇੰਪਲੀਮੈਂਟੇਸ਼ਨ ਐਡਵਾਈਜ਼ਰ ਨਿਯੁਕਤ ਕੀਤਾ ਹੈ। ਸਰਕਾਰੀ ਬੁਲੇਟਿਨ ਵਿਚ ਕਿਹਾ ਗਿਆ ਹੈ ਕਿ ਇਸ ਭੂਮਿਕਾ ਵਿਚ ਉਹ ਸਾਰੀਆਂ ਧਿਰਾਂ ਦੀ ਸਮੇਂ ਦੀ ਹੱਦ ਵਾਲੀਆਂ ਮੀਟਿੰਗਾਂ ਲਈ ਸਹਾਇਤਾ ਕਰੇਗੀ, ਵਿਵਾਦ ਦੇ ਹੱਲ ਵਿਚ ਸਹਾਇਤਾ ਕਰੇਗੀ, ਪ੍ਰਭਾਵਸ਼ਾਲੀ ਸੰਚਾਰ ਅਤੇ ਸਰੀ ਪੁਲਿਸ ਸਰਵਿਸ ਟਰਾਂਜ਼ੀਸ਼ਨ ਦੇ ਮੁਕੰਮਲ ਹੋਣ ਨੂੰ ਯਕੀਨੀ ਬਣਾਵੇਗੀ। ਲੋਕ ਨੇ ਦੱਸਿਆ ਕਿ ਉਸ ਨੇ ਮੈਕਡੋਨਾਲਡ ਨਾਲ ਮੁਲਾਕਾਤ ਕੀਤੀ ਹੈ ਅਤੇ ਉਹ ਉਸ ਨੂੰ ਫਿਰ ਮਿਲੇਗੀ। ਮੈਨੂੰ ਉਨ੍ਹਾਂ ਦੀਆਂ ਯੋਜਨਾਵਾਂ ਦੀ ਜਾਣਕਾਰੀ ਨਹੀਂ, ਇਸ ਲਈ ਉਹ ਉਨ੍ਹਾਂ ਦੇ ਸਮਝਦਾਰੀ ਵਾਲੇ ਸ਼ਬਦਾਂ ਦੀ ਉਡੀਕ ਕਰ ਰਹੀ ਹੈ। ਆਰਸੀਐਮਪੀ ਨੂੰ ਸਰੀ ਦੀ ਅਧਿਕਾਰਤ ਪੁਲਿਸ ਰੱਖਣ ਲਈ ਸਿਟੀ ਕੌਂਸਲ ਵਲੋਂ 6-3 ਨਾਲ ਮਤਾ ਪਾਸ ਕਰਨ ਦੇ ਬਾਵਜੂਦ ਜਨਤਕ ਸੁਰੱਖਿਆ ਮੰਤਰੀ ਅਤੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਨੇ ਸਰੀ ਸ਼ਹਿਰ ਨੂੰ ਐਸਪੀਐਸ ਦੀ ਪ੍ਰਕਿਰਿਆ ਜਾਰੀ ਰੱਖਣ ਦਾ ਹੁਕਮ ਦਿੱਤਾ ਸੀ।









## ਬੀਸੀ ਐਂਬਰ ਅਲਰਟ ਪਿੱਛੋਂ ਬੱਚੇ ਮਿਲ ਗਏ-ਮਾਂ ਤੇ ਉਸ ਦੇ ਪ੍ਰੇਮੀ ਖਿਲਾਫ ਦੋਸ਼ ਆਇਦ

ਸਰੀ–ਦੋ ਬੱਚਿਆਂ ਜਿਨ੍ਹਾਂ ਨੇ ਬੀਸੀ ਦੇ ਹਫ਼ਤਾ ਭਰ ਦੇ ਐਂਬਰ ਆਲਰਟ ਕਾਰਨ ਧਿਆਨ ਖਿੱਚਿਆ ਅਲਬਰਟਾ ਸੂਬੇ ਦੇ ਐਡਸਨ ਕਸਬੇ ਦੇ ਬਾਹਰਵਾਰ ਪੈਂਦੇ ਇਕ ਪੇਂਡੂ ਘਰ ਵਿਚੋਂ ਸੁਰੱਖਿਅਤ ਮਿਲ ਗਏ ਹਨ। ਸਰੀ ਆਰਸੀਐਮਪੀ ਸੀਰੀਅਸ ਕਰਾਈਮ ਯੂਨਿਟ ਦੀ ਅਗਵਾਈ ਵਾਲੀ ਜਾਂਚ ਨੇ ਪੁਲਿਸ ਨੂੰ ਰੂਰਲ ਪ੍ਰਾਪਰਟੀ ਬਾਰੇ ਚੌਕਸ ਕੀਤਾ ਜਿਹੜੀ ਬੱਚਿਆਂ ਦੀ ਮਾਂ, ਉਨ੍ਹਾਂ ਦੇ ਪਿਤਾ ਜਾਂ ਪ੍ਰੇਮੀ ਨਾਲ ਸਬੰਧਤ ਨਹੀਂ ਸੀ। ਸਨਿਚਰਵਾਰ ਰਾਤ ਨੂੰ ਅਲਬਰਟਾ ਆਰਸੀਐਮਪੀ ਨੇ ਪ੍ਰਾਪਰਟੀ 'ਤੇ ਛਾਪਾ ਮਾਰਿਆ ਅਤੇ ਉਥੇ ਉਨ੍ਹਾਂ ਨੂੰ ਦੋ ਬੱਚੇ ਤੇ ਤਿੰਨ ਬਾਲਗ ਵਿਅਕਤੀ ਮਿਲੇ। ਆਰਸੀਐਮਪੀ ਨੇ ਦੱਸਿਆ ਕਿ ਵੇਰੀਟੀ ਬੋਲਟਨ ਤੇ ਉਸ ਦੇ ਪ੍ਰੇਮੀ ਦੋਸਤ ਅਬਰਾਕਸਸ ਗਲੈਜ਼ੋਵ ਨੂੰ ਗ੍ਰਿਫ਼ਤਾਰ ਕਰ ਲਿਆ ਜਦਕਿ ਤੀਸਰੇ ਬਾਲਗ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਕਾਰਪੋਰਲ ਵਨੇਸਾ ਮੁਨ ਨੇ ਦੱਸਿਆ ਕਿ ਗ੍ਰਿਫਤਾਰੀ ਦੌਰਾਨ ਸਹਿਯੋਗ ਦੇ ਵੱਖੋ ਵੱਖਰੇ ਪੜਾਅ ਦੇਖਣ ਨੂੰ ਮਿਲੇ ਪਰ ਕਿਸੇ ਜ਼ਿਆਦਾ ਤਾਕਤ ਦੇ ਬਿਨ੍ਹਾਂ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਬੱਚਿਆਂ ਨੂੰ ਅਲਬਰਟਾ ਵਿਚ ਆਰਸੀਐਮਪੀ ਡਿਟੈਚਮੈਂਟ ਲਿਜਾਇਆ ਗਿਆ ਜਿਥੇ ਉਨ੍ਹਾਂ ਦਾ ਪਿਤਾ ਉਡੀਕ ਕਰ ਰਿਹਾ ਸੀ। ਪੁਲਿਸ ਨੂੰ ਸ਼ੱਕ ਹੈ ਕਿ ਬੋਲਟਨ, ਗਲੈਜ਼ੋਵ ਤੇ ਤੀਸਰਾ ਬਾਲਗ ਤੇ ਦੋਵੇਂ ਬੱਚੇ ਐਂਬਰ ਅਲਰਟ ਜਾਰੀ ਕਰਨ ਤੋਂ ਪਹਿਲਾਂ 18 ਜੁਲਾਈ ਤੋਂ ਉਸ ਪ੍ਰਾਪਰਟੀ ਵਿਚ ਮੌਜੂਦ ਸਨ। ਬੋਲਟਨ ਤੇ ਗਲੈਜ਼ੋਵ ਖਿਲਾਫ ਪ੍ਰੋਵਿੰਸ਼ੀਅਲ ਅਦਾਲਤ ਵਿਚ ਦੋਸ਼ ਦਾਇਰ ਕੀਤੇ ਗਏ ਹਨ।

## ਪੁਲਿਸ ਬੋਰਡ ਦੇ ਮੈਂਬਰਾਂ ਦੀਆਂ ਅਪਮਾਨਜਨਕ ਟਿੱਪਣੀਆਂ ਨੂੰ ਬਰਦਾਸ਼ਤ ਨਹੀਂ ਕਰਾਂਗੀ-ਲੋਕ




ਸਰੀ-ਸ਼ਹਿਰ ਦੀ ਮੇਅਰ ਬਰੈਂਡਾ ਲੋਕ ਨੇ ਸਪਸ਼ਟ ਕੀਤਾ ਕਿ ਉਹ ਸਰੀ ਪੁਲਿਸ ਬਰੋਡ ਦੇ ਮੈਂਬਰਾਂ ਦੀ ਅਪਮਾਨਜਨਕ ਟਿੱਪਣੀਆਂ ਨੂੰ ਬਰਦਾਸ਼ਤ ਨਹੀਂ ਕਰੇਗੀ। ਸੂਬੇ ਦੇ ਜਨਤਕ ਸੁਰੱਖਿਆ ਮੰਤਰੀ ਤੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਵਲੋਂ ਇਹ ਫ਼ੈਸਲਾ ਲੈਣ ਕਿ ਐਸਪੀਐਸ ਹੀ ਸਰੀ ਦੀ ਪੁਲਿਸ ਫੋਰਸ ਹੋਵੇਗੀ ਪਿੱਛੋਂ ਬੋਰਡ ਦੀ ਪਿਛਲੇ ਦਿਨੀ ਹੋਈ ਮੀਟਿੰਗ ਵਿਚ ਕੁਝ ਤਣਾਅ ਪੂਰਣ ਪਲ ਦੇਖਣ ਨੂੰ ਮਿਲੇ ਕਿਉਂਕਿ ਲੋਕ ਨੇ ਚੇਅਰ ਵਜੋਂ ਆਪਣੀ ਅਥਾਰਟੀ ਨੂੰ ਉੱਪਰ ਰੱਖਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਜਨਤਾ ਵਿਚ ਇਸ ਮੀਟਿੰਗ ਨੂੰ ਕਰਨਾ ਪਾਰਦਰਸ਼ਤਾ ਵਿਚ ਪਹਿਲਾ ਕਦਮ ਹੈ ਅਤੇ ਇਹ ਸਾਡਾ ਜਨਤਾ ਦੇ ਵਿਸ਼ਵਾਸ਼ ਨੂੰ ਕਾਇਮ ਕਰਨ ਵੱਲ ਨਵਾਂ ਕਦਮ ਹੈ। ਮੀਟਿੰਗ ਦੌਰਾਨ ਲੋਕ ਨੇ ਉਨ੍ਹਾਂ ਟਿਪਣੀਆਂ ਦਾ ਹਵਾਲਾ ਦਿੱਤਾ ਜਿਹੜੀਆਂ ਬੋਰਡ ਦੇ ਡਾਇਰੈਕਟਰਾਂ ਨੇ ਅਨਿਸ਼ਚਤਤਾ ਵਾਲੇ ਸਮੇਂ ਦੌਰਾਨ ਕੀਤੀਆਂ ਸਨ ਜਦੋਂ ਉਹ ਤੇ ਸਰੀ ਕੌਂਸਲ ਇਸ ਗੱਲ 'ਤੇ ਅੜੇ ਹੋਏ ਸਨ ਕਿ ਆਰਸੀਐਮਪੀ ਹੀ ਸ਼ਹਿਰ ਦੀ ਅਧਿਕਾਰਤ ਪੁਲਿਸ ਫੋਰਸ ਹੋਵੇਗੀ। ਇਕ ਤਿਆਰ ਬਿਆਨ ਵਿਚ ਉਸ ਨੇ ਮੈਂਬਰਾਂ ਨੂੰ ਕਿਹਾ ਕਿ ਉਹ ਗੈਰਪੇਸ਼ਾਵਰ ਟਿਪਣੀਆਂ ਨਾਲੋਂ ਇਕ ਸਿਹਤਮੰਦ ਬਹਿਸ ਲਈ ਉਤਸ਼ਾਹਿਤ ਕਰਨਾ ਚਾਹੁੰਦੀ ਹੈ ਕਿਉਂਕਿ ਬੋਰਡ ਸਰੀ ਲਈ ਸਭ ਤੋਂ ਬਿਹਤਰ ਤੇ ਸਭ ਤੋਂ ਵੱਧ ਜਵਾਬਦੇਹ ਪੁਲਿਸ ਵਿਭਾਗ ਬਣਾਉਣ ਲਈ ਇਕ ਮਜ਼ਬੂਤ ਸਹਿਯੋਗੀ ਦਾ ਸਬੰਧ ਕਾਇਮ ਕਰਦਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਮਹੀਨੇ ਬਹੁਤ ਮੁਸ਼ਕਿਲ ਭਰਿਆ ਸਮਾਂ ਰਿਹਾ ਹੈ ਕਿਉਂਕਿ ਅਸੀਂ ਇਸ ਪ੍ਰਕਿਰਿਆ ਵਿਚੋਂ ਲੰਘ ਰਹੇ ਸੀ ਜਿਸ ਵਿਚ ਅਸੀਂ ਅੱਜ ਹਾਂ।

## ਦੱਖਣੀ ਸਰੀ ਵਿਚ ਕ੍ਰੇਸੈਂਟ ਬੀਚ ਤੋਂ ਲਾਸ਼ ਬਰਾਮਦ

ਸਰੀ–ਸੁਰੱਖਿਅਤ ਤੈਰਾਕੀ ਵਾਲੇ ਇਲਾਕੇ ਦੇ ਦੱਖਣ ਵਿਚ ਹੜ੍ਹ ਕੇ ਆਉਣ ਪਿੱਛੋਂ ਕ੍ਰੇਸੈਂਟ ਬੀਚ ਤੋਂ ਇਕ ਲਾਸ਼ ਬਰਾਮਦ ਕੀਤੀ ਗਈ ਹੈ। ਆਰਸੀਐਮਪੀ ਨੇ ਦੱਸਿਆ ਕਿ ਮੌਤ ਦੇ ਕਾਰਨਾਂ ਦੀ ਅਜੇ ਪੁਸ਼ਟੀ ਨਹੀਂ ਹੋਈ ਫਿਰ ਵੀ ਕੋਈ ਸ਼ੱਕੀ ਗੱਲ ਨਹੀਂ ਲਗਦੀ। ਕ੍ਰੇਸੈਂਟ ਬੀਚ ਲਾਈਫ ਗਾਰਡਿੰਗ ਕਾਰਪੋਰੇਸ਼ਨ ਨੇ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਲਾਸ਼ ਦਾ ਪਤਾ ਲੱਗਣ ਪਿੱਛੋਂ ਸੀਬੀਐਲਜੀ ਦੇ ਤਿੰਨ ਲਾਈਫ ਗਾਰਡਾਂ ਨੇ ਪੁਲਿਸ ਦੀ ਮਦਦ ਕੀਤੀ। ਸੀਬੀਐਲਜੀ ਨੂੰ ਲਾਸ਼ ਮਿਲਣ ਤੋਂ ਪਹਿਲਾਂ ਕਿਸੇ ਦੇ ਪਾਣੀ ਵਿਚ ਡੁੱਬਣ ਦੀਆਂ ਕੋਈ ਰਿਪੋਰਟਾਂ ਨਹੀਂ ਮਿਲੀਆਂ ਅਤੇ ਇਲਾਕੇ ਵੱਲ ਕਈ ਸਾਇਰਨ ਵੱਜਦੇ ਸੁਣਨ ਪਿੱਛੋਂ ਹੀ ਉਸ ਨੇ ਕਾਰਵਾਈ ਕੀਤੀ। ਆਰਸੀਐਮਪੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਸ ਨੂੰ ਬੀਚ ਸਟਰੀਟ ਦੇ 12100 ਬਲਾਕ ਨੇੜੇ ਸਮੁੰਦਰ ਦੇ ਕਿਨਾਰੇ ਲਾਸ਼ ਪਈ ਹੋਣ ਦੀ ਰਿਪੋਰਟ ਮਿਲੀ ਸੀ। ਅਧਿਕਾਰੀ ਲਾਸ਼ ਦੀ ਪਛਾਣ ਕਰਨ ਲਈ ਬੀਸੀ ਕੋਰੋਨਰ ਸਰਵਿਸ ਨਾਲ ਮਿਲ ਕੇ ਕੰਮ ਕਰ ਰਹੇ ਹਨ।

## ਭਾਰਤੀ ਕੂਟਨੀਤਕਾਂ ਨੂੰ ਧਮਕੀ ਤੋਂ ਬਾਅਦ ਪੁਲਿਸ ਜਾਂਚ ਵਿਚ ਰੁਝੀ

ਓਟਵਾ–ਫੈਡਰਲ ਸਰਕਾਰ ਨੇ ਦੱਸਿਆ ਕਿ ਕੈਨੇਡਾ ਵਿਚ ਭਾਰਤੀ ਕੂਟਨੀਤਕਾਂ ਨੂੰ ਧਮਕੀ ਭਰੀ ਵੀਡੀਓ ਆਨਲਾਈਨ ਵਾਇਰਲ ਹੋਣ ਪਿੱਛੋਂ ਪੁਲਿਸ ਜਾਂਚ ਵਿਚ ਲੱਗੀ ਹੋਈ ਹੈ। ਇਕ ਟਵੀਟ ਵਿਚ ਪਬਲਿਕ ਸੇਫਟੀ ਕੈਨੇਡਾ ਨੇ ਕਿਹਾ ਕਿ ਓਟਵਾ ਕੈਨੇਡਾ ਵਿਚ ਸਾਰੇ ਕੂਟਨੀਤਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਵੇਗਾ ਪਰ ਵਿਭਾਗ ਨੇ ਕੋਈ ਵੇਰਵੇ ਮੁਹੱਈਆ ਨਹੀਂ ਕੀਤੇ। ਇਸ ਨੇ ਆਰਸੀਐਮਪੀ ਲਈ ਸਵਾਲ ਖੜੇ ਕੀਤੇ ਹਨ ਜਿਸ ਨੇ ਇਸ ਗੱਲ ਦੀ ਪੁਸ਼ਟੀ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਸ ਨੂੰ ਕੋਈ ਅਪਰਾਧਿਕ ਜਾਂਚ ਸ਼ੁਰੂ ਕੀਤੀ ਹੈ ਜਾਂ ਨਹੀਂ ਜਾਂ ਕਿਹੜੀ ਖਾਸ ਵੀਡੀਓ ਇਸ ਵਿਚ ਸ਼ਾਮਿਲ ਹੈ। ਕੁਝ ਕੈਨੇਡੀਅਨ ਸਿੱਖ ਜਿਹੜੇ ਭਾਰਤ ਵਿਚ ਇਕ ਖੇਤਰ ਨੂੰ ਵੱਖ ਕਰਨ ਦੀ ਵਕਾਲਤ ਕਰਦੇ ਹਨ ਦਾ ਕਹਿਣਾ ਕਿ ਜੂਨ ਮਹੀਨੇ ਵੈਨਕੂਵਰ ਨੇੜੇ ਇਕ ਸਿੱਖ ਪ੍ਰਚਾਰਕ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿਚ ਭਾਰਤ ਸਰਕਾਰ ਸ਼ਾਮਿਲ ਸੀ ਪਰ ਪੁਲਿਸ ਦਾ ਕਹਿਣਾ ਕਿ ਇਸ ਬਾਰੇ ਉਸ ਕੋਲ ਕੋਈ ਸਬੂਤ ਮੌਜੂਦ ਨਹੀਂ। ਇਕ ਮਹੀਨਾ ਪਹਿਲਾਂ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਮੇਲਾਨੀ ਜੋਲੀ ਨੇ ਪੋਸਟਰਾਂ ਦੀ ਨਿਖੇਧੀ ਕੀਤੀ ਸੀ ਜਿਨ੍ਹਾਂ 'ਤੇ ਭਾਰਤ ਦੇ ਸੀਨੀਅਰ ਕੂਟਨੀਤਕਾਂ 'ਤੇ ਕਾਤਲ ਹੋਣ ਦਾ ਦੋਸ਼ ਲਗਾਇਆ ਗਿਆ ਸੀ ਅਤੇ ਕਿਹਾ ਕਿ ਉਹ ਅਸਵੀਕਾਰਯੋਗ ਹਨ। ਇਸ ਮੁੱਦੇ ਨੂੰ ਲੈ ਕੇ ਕੈਨੇਡਾ ਤੇ ਭਾਰਤ ਦੇ ਸਬੰਧਾਂ ਵਿਚ ਤਣਾਅ ਆ ਗਿਆ ਜਦਕਿ ਦੋਵੇਂ ਦੇਸ਼ ਅਗਲੇ ਮਹੀਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਤੋਂ ਪਹਿਲਾਂ ਸੰਭਾਵਤ ਵਪਾਰ ਸਮਝੌਤੇ ਬਾਰੇ ਗੱਲਬਾਤ ਕਰ ਰਹੇ ਹਨ। ਤਾਜ਼ਾ ਸਪਸ਼ਟ ਧਮਕੀ ਦੇ ਸਬੰਧ ਵਿਚ ਟਿੱਪਣੀ ਲਈ ਕੀਤੀ ਬੇਨਤੀ 'ਤੇ ਓਟਵਾ ਵਿਚ ਭਾਰਤ ਦੇ ਹਾਈ ਕਮਿਸ਼ਨ ਨੇ ਕੋਈ ਜਵਾਬ ਨਹੀਂ ਦਿੱਤਾ। ਭਾਵੇਂ ਓਟਵਾ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਕਿਹੜੀ ਵੀਡੀਓ ਵਿਚ ਭਾਰਤੀ ਕੂਟਨੀਤਕਾਂ ਨੂੰ ਧਮਕੀ ਦਿੱਤੀ ਗਈ ਹੈ ਪਰ 21 ਜੁਲਾਈ ਨੂੰ ਸੋਸ਼ਲ ਮੀਡੀਆ 'ਤੇ ਪਾਈ ਕਲਿਪ ਵਿਚ ਸਿੱਖਸ ਫਾਰ ਜਸਟਿਸ ਨੇ ਲੋਕਾਂ ਨੂੰ ਕੈਨੇਡਾ ਵਿਚ ਭਾਰਤੀ ਕੌਂਸਲਖਾਨਿਆਂ ਦਾ ਘਿਰਾਉ ਕਰਨ ਦਾ ਸੱਦਾ ਦਿੰਦਿਆਂ ਦੋਸ਼ ਲਗਾਇਆ ਕਿ ਭਾਰਤੀ ਕੂਟਨੀਤਕ ਉਨ੍ਹਾਂ ਲੋਕਾਂ ਖਿਲਾਫ ਹਿੰਸਾ ਲਈ ਜ਼ਿੰਮੇਵਾਰ ਹਨ ਜਿਹੜੇ ਵੱਖਰਾ ਦੇਸ਼ ਚਾਹੁੰਦੇ ਹਨ।

## ਬੀਸੀ ਦੇ ਉੱਤਰ ਪੱਛਮ ਵਿਚ ਰਿੱਛ ਵਲੋਂ ਇਕ ਔਰਤ 'ਤੇ ਹਮਲਾ

ਵਿਕਟੋਰੀਆ–ਸਮਿਥਰਜ਼ ਵਿਚ ਤੀਰਅੰਦਾਜ਼ੀ ਕਲੱਬ ਵਿਚੋਂ ਆਪਣੇ ਕੁੱਤੇ ਨਾਲ ਬਾਹਰ ਆ ਰਹੀ ਇਕ ਔਰਤ 'ਤੇ ਰਿੱਛ ਨੇ ਹਮਲਾ ਕਰ ਦਿੱਤਾ ਜਿਸ ਨਾਲ ਉਹ ਮਾਮੂਲੀ ਜ਼ਖ਼ਮੀ ਹੋ ਗਈ ਪਰ ਇਲਾਜ ਲਈ ਉਸ ਦੇ ਟਾਂਕੇ ਲਗਾਉਣੇ ਪਏ ਹਨ। ਕੰਜ਼ਰਵੇਸ਼ਨ ਆਫੀਸਰ ਸਰਵਿਸ ਦਾ ਕਹਿਣਾ ਕਿ ਰਿੱਛ ਦਾ ਇਹ ਹਮਲਾ ਰੱਖਿਆਤਮਕ ਸੀ ਅਤੇ ਉਨ੍ਹਾਂ ਲੋਕਾਂ ਨੂੰ ਚੌਕਸ ਰਹਿਣ ਦੀ ਚਿਤਾਵਨੀ ਦਿੱਤੀ ਹੈ। ਕੰਜ਼ਰਵੇਸ਼ਨ ਅਧਿਕਾਰੀ ਰੋਨ ਲੇਬਲੈਂਕ ਨੇ ਦੱਸਿਆ ਕਿ ਔਰਤ ਠੀਕ ਠਾਕ ਹੈ ਅਤੇ ਰਿੱਛ ਨੂੰ ਮਾਰਨ ਦਾ ਫ਼ੈਸਲਾ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਰਿੱਛ ਨੇ ਹਮਲਾ ਚਾਰ ਲੱਤਾਂ ਵਾਲੇ ਦੂਸਰੇ ਜਾਨਵਰ ਨੂੰ ਦੇਖ ਕੇ ਕੀਤਾ ਕਿਉਂਕ ਉਸ ਨੇ ਉਸ ਤੋਂ ਆਪਣੇ ਆਪ ਨੂੰ ਖ਼ਤਰਾ ਸਮਝਿਆ ਤੇ ਹਮਲਾ ਕਰ ਦਿੱਤਾ। ਉਨ੍ਹਾਂ ਲੋਕਾਂ ਨੂੰ ਟੈਟਲੋ ਰੋਡ ਨੇੜੇ ਪੈਂਦੇ ਮੈਦਾਨਾਂ ਤੋਂ ਦੋ ਕੁ ਦਿਨ ਦੂਰ ਰਹਿਣ ਲਈ ਕਿਹਾ ਹੈ ਤਾਂ ਜੋ ਰਿੱਛ ਨੂੰ ਉਥੋਂ ਜਾਣ ਦਾ ਮੌਕਾ ਮਿਲ ਸਕੇ।

## ਸੂਬਾ ਸਰਕਾਰ ਨੇ ਬੀਸੀ ਵਿਚ ਨੌਕਰੀ ਲੱਭਣ ਲਈ ਨਵੇਂ ਲੋਕਾਂ ਦੀ ਮਦਦ ਵਾਸਤੇ 70 ਲੱਖ ਡਾਲਰ ਗਰਾਂਟ ਰੱਖੀ

ਵਿਕਟੋਰੀਆ–ਨਵੇਂ ਆਏ ਲੋਕਾਂ ਨੂੰ ਸਲਾਹ ਮੁਹੱਈਆ ਕਰਨ ਲਈ ਸੂਬਾ ਸਰਕਾਰ ਨੇ ਇਮੀਗਰਾਂਟ ਇੰਪਲਾਇਮੈਂਟ ਕੌਂਸਲ ਆਫ ਬੀਸੀ ਰਾਹੀਂ ਗਰਾਂਟ ਦੇਣ ਦਾ ਐਲਾਨ ਕੀਤਾ ਹੈ। 70 ਲੱਖ ਡਾਲਰ ਦੀ ਇਹ ਗਰਾਂਟ ਬੇਰੋਜ਼ਗਾਰ ਜਾਂ ਅਰਧ ਬੇਰੋਜ਼ਗਾਰ ਪ੍ਰਵਾਸੀਆਂ ਨੂੰ ਆਪਣੀ ਮੁਹਾਰਤ ਕੈਨੇਡੀਅਨ ਲੇਬਰ ਮਾਰਕੀਟ ਮੁਤਾਬਿਕ ਢਾਲਣ ਵਿਚ ਮਦਦ ਕਰੇਗੀ। ਸਮਾਜਿਕ ਵਿਕਾਸ ਤੇ ਗਰੀਬੀ ਘਟਾਉ ਬਾਰੇ ਮੰਤਰੀ ਸ਼ੀਲਾ ਮੈਲਕਮਸਨ ਨੇ ਕਿਹਾ ਕਿ ਬੀਸੀ ਸਰਕਾਰ ਰੁਕਾਵਟਾਂ ਨੂੰ ਦੂਰ ਕਰਨ ਤੇ ਮਾਲਕਾਂ ਨੂੰ ਹੁਨਰਮੰਦ ਕਾਮਿਆਂ ਨਾਲ ਜੋੜਨ ਦਾ ਕੰਮ ਕਰ ਰਹੀ ਹੈ। ਅਸੀਂ ਲੋਕਾਂ ਨੂੰ ਰੋਜ਼ਗਾਰ ਤੇ ਹੁਨਰ ਸਿਖਲਾਈ ਜਿਹੜੀ ਉਨ੍ਹਾਂ ਨੂੰ ਲੇਬਰ ਮਾਰਕੀਟ ਵਿਚ ਚੰਗੀਆਂ ਨੌਕਰੀਆਂ ਪ੍ਰਾਪਤ ਕਰਨ ਦੀ ਲੋੜ ਹੈ ਪ੍ਰਾਪਤ ਕਰਨ ਵਿਚ ਮਦਦ ਲਈ ਇਮੀਗ੍ਰਾਂਟ ਇੰਪਲਾਇਮੈਂਟ ਕੌਂਸਲ ਆਫ ਬੀਸੀ ਵਰਗੇ ਭਰੋਸੇਮੰਦ ਗਰੁੱਪਾਂ ਨਾਲ ਕੰਮ ਕਰ ਰਹੇ ਹਾਂ। ਇਸ ਫੰਡ ਨਾਲ ਨਵੇਂ ਆਏ ਜ਼ਿਆਦਾ ਲੋਕ ਤੇ ਪ੍ਰਵਾਸੀ ਚੰਗੀਆਂ ਨੌਕਰੀਆਂ ਲੱਭ ਸਕਣਗੇ ਅਤੇ ਜ਼ਿਆਦਾ ਰੋਜ਼ਗਾਰਦਾਤਾਵਾਂ ਨੂੰ ਹੁਨਰਮੰਦ ਕਾਮਿਆਂ ਨੂੰ ਲੱਭਣ ਵਿਚ ਮਦਦ ਮਿਲੇਗੀ। ਆਈਈਸੀ–ਬੀਸੀ ਸੀਈਓ ਪੈਟਰਿਕ ਮਕੈਂਜ਼ੀ ਨੇ ਨਾਉ ਲੀਡਰ ਨੂੰ ਦੱਸਿਆ ਕਿ ਉਹ ਖ਼ਬਰ ਸੁਣ ਕੇ ਬਹੁਤ ਖੁਸ਼ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਹਿਟ-ਐਂਡ-ਰਨ ਦੁਰਘਟਨਾ ਲਈ ਪੁਲਿਸ ਨੂੰ ਚਸ਼ਮਦੀਦਾਂ ਦੀ ਭਾਲ

ਸਰੀ-ਪੁਲਿਸ ਪਿਛਲੇ ਦਿਨ ਸਵੇਰ ਵੇਲੇ ਨਿਊਟਨ ਵਿਚ ਵਾਪਰੀ ਹਿਟ-ਐਂਡ-ਰਨ ਦੁਰਘਟਨਾ ਜਿਸ ਵਿਚ ਇਕ ਪੈਦਲ ਯਾਤਰੀ ਦੀ ਮੌਤ ਹੋ ਗਈ ਸੀ ਵਿਚ ਚਸ਼ਮਦੀਦਾਂ ਦੀ ਭਾਲ ਕਰ ਰਹੀ ਹੈ। ਅੱਧੀ ਰਾਤ ਨੂੰ 12.38 ਵਜੇ 128 ਸਟਰੀਟ ਦੇ 8200 ਬਲਾਕ ਵਿਚ ਇਕ ਕਾਰ ਵਲੋਂ ਟੱਕਰ ਮਾਰੇ ਜਾਣ ਕਾਰਨ 31 ਸਾਲਾ ਵਿਅਕਤੀ ਦੀ ਹਸਪਤਾਲ ਵਿਚ ਮੌਤ ਹੋ ਗਈ ਸੀ। ਪੁਲਿਸ ਨੀਲੇ ਰੰਗ ਦੀ ਸੇਡਾਨ ਕਾਰ ਦੀ ਭਾਲ ਕਰ ਰਹੀ ਹੈ ਜਿਸ ਦਾ ਅਗਲਾ ਹਿੱਸਾ ਨੁਕਸਾਨਗ੍ਰਸਤ ਹੈ। ਜਾਂਚ ਅਧਿਕਾਰੀਆਂ ਨੂੰ ਪਤਾ ਹੈ ਕਿ ਮੌਕੇ 'ਤੇ ਕਈ ਵਿਅਕਤੀ ਹੋਣਗੇ ਅਤੇ ਉਨ੍ਹਾਂ ਨੇ ਦੁਰਘਟਨਾ ਹੁੰਦੀ ਦੇਖੀ ਹੋਵੇਗੀ ਜਾਂ ਉਹ ਇਸ ਤੋਂ ਪਿੱਛੋਂ ਛੇਤੀ ਉਥੇ ਪਹੁੰਚੇ ਹੋਣਗੇ। ਪੁਲਿਸ ਲੋਕਾਂ ਨੂੰ ਅਪੀਲ ਕਰ ਰਹੀ ਹੈ ਕਿ ਜੇਕਰ ਉਨ੍ਹਾਂ ਨੂੰ ਕੋਈ ਜਾਣਕਾਰੀ ਹੋਵੇ ਤਾਂ ਉਹ ਸਰੀ ਆਰਸੀਐਮਪੀ ਨਾਲ ਸੰਪਰਕ ਕਰਨ।

# ਵਾਈਟ ਰੌਕ ਮਸਾਜ ਥੈਰੇਪਿਸਟ ਖਿਲਾਫ ਜਿਣਸੀ ਹਮਲੇ ਦੇ ਦੋਸ਼ ਆਇਦ

ਸਰੀ-ਵਾਈਟ ਰੌਕ ਦੇ ਮਸਾਜ ਥੈਰੇਪਿਸਟ ਖਿਲਾਫ 8 ਪੀੜਤਾਂ 'ਤੇ ਜਿਣਸੀ ਹਮਲੇ ਕਰਨ ਦੇ ਸਬੰਧ ਵਿਚ ਦੋਸ਼ ਲਗਾਏ ਗਏ ਹਨ। 27 ਜੁਲਾਈ ਨੂੰ ਜਾਰੀ ਇਕ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ 9 ਨਵੰਬਰ 2021 ਨੂੰ ਇਕ ਵਿਅਕਤੀ ਨੇ ਸਰੀ ਆਰਸੀਐਮਪੀ ਨੂੰ ਜਾਣਕਾਰੀ ਦਿੱਤੀ ਕਿ 16 ਫਰਵਰੀ 2016 ਅਤੇ 18 ਅਗਸਤ 2017 ਵਿਚਕਾਰ ਲੜਵਾਰ ਜਿਣਸੀ ਹਮਲੇ ਕੀਤੇ ਗਏ ਸਨ। 51 ਸਾਲਾ ਲਿਓਨਾਰਡ ਕਰੇਕਿਕ ਖਿਲਾਫ ਵਾਰੰਟ ਜਾਰੀ ਕੀਤੇ ਗਏ ਸਨ ਜਿਹੜਾ 2018-2019 ਵਿਚ ਪੈਂਟਿਕਟਨ ਵਿਚ ਦੋ ਕਲੀਨਿਕ ਚਲਾਉਂਦਾ ਸੀ। ਉਸ ਨੂੰ 18 ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਕਥਿਤ ਪੀੜਤ ਨੇ ਦੱਸਿਆ ਕਿ ਜਦੋਂ ਉਹ ਕ੍ਰੇਕਿਕ ਤੋਂ ਮਸਾਜ ਥੈਰੇਪੀ ਇਲਾਜ ਕਰਵਾ ਰਹੀ ਸੀ ਤਾਂ ਉਸ 'ਤੇ ਜਿਣਸੀ ਹਮਲਾ ਕੀਤਾ ਗਿਆ ਸੀ। ਸਰੀ ਆਰਸੀਐਮਪੀ ਦੇ ਵਿਸ਼ੇਸ਼ ਵਿਕਟਮਜ਼ ਯੂਨਿਟ ਨੇ ਜਾਂਚ ਸ਼ੁਰੂ ਕੀਤੀ ਅਤੇ ਹੋਰ ਪੀੜਤਾਂ ਦੀ ਪਛਾਣ ਕੀਤੀ। ਇਹ ਹਮਲੇ ਦਸੰਬਰ 2001 ਅਤੇ ਅਪ੍ਰੈਲ 2017 ਵਿਚਕਾਰ ਕੀਤੇ ਗਏ। ਇਸ ਸਮੇਂ ਦੌਰਾਨ ਕ੍ਰੇਕਿਕ 136ਏ ਸਟਰੀਟ ਦੇ 10300 ਬਲਾਕ ਵਿਚ ਸਥਿਤ ਕਲੀਨਿਕ 'ਤੇ ਕੰਮ ਕਰਦਾ ਸੀ। ਅਦਲਾਤ ਵਿਚ ਪੇਸ਼ ਕੀਤੇ ਜਾਣ ਪਿੱਛੋਂ ਕ੍ਰੇਕਿਕ ਨੂੰ ਸ਼ਰਤਾਂ ਨਾਲ ਰਿਹਾਅ ਕੀਤਾ ਗਿਆ ਸੀ।



# ਹਰਿਆਣਾ ਫ਼ਿਰਕੂ ਹਿੰਸਾ: ਦੋ ਮਸਜਿਦਾਂ ਸੜੀਆਂ-176 ਸ਼ਰਾਰਤੀ ਗ੍ਰਿਫ਼ਤਾਰ

ਗੁਰੂਗ੍ਰਾਮ-ਹਰਿਆਣਾ ਦੇ ਨੂਹ ਜ਼ਿਲ੍ਹੇ ਦੇ ਤਾਵੜੂ ਵਿਖੇ ਬੁੱਧਵਾਰ ਰਾਤ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਇਕ ਮਸਜਿਦ 'ਤੇ ਪੈਟਰੋਲ ਬੰਬ ਸੁੱਟ ਕੇ ਉਸ ਨੂੰ ਅੱਗ ਲਗਾ ਦਿੱਤੀ ਤੇ ਦੂਜੀ ਨੂੰ ਅੱਗ ਸਾਟਸਰਕਟ ਨਾਲ ਲੱਗਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਪੁਲੀਸ ਨੇ ਦੱਸਿਆ ਕਿ ਬੁੱਧਵਾਰ ਰਾਤ ਕਰੀਬ 11.30 ਵਜੇ ਹੋਈਆਂ ਇਨ੍ਹਾਂ ਘਟਨਾਵਾਂ 'ਚ ਕੋਈ ਜ਼ਖਮੀ ਨਹੀਂ ਹੋਇਆ, ਜਿਨ੍ਹਾਂ ਮਸਜਿਦਾਂ 'ਤੇ ਹਮਲਾ ਕੀਤਾ ਗਿਆ, ਉਨ੍ਹਾਂ 'ਚੋਂ ਇਕ ਵਿਜੈ ਚੌਕ ਨੇੜੇ ਅਤੇ ਦੂਜੀ ਪੁਲੀਸ ਸਟੇਸ਼ਨ ਦੇ ਸਥਿਤ ਹੈ।ਪੁਲੀਸ ਨੇ ਦੱਸਿਆ ਕਿ ਇਨ੍ਹਾਂ ਘਟਨਾਵਾਂ ਦੀ ਸੂਚਨਾ ਮਿਲਦੇ ਹੀ ਦੋ ਫਾਇਰ ਟੈਂਡਰ ਮਸਜਿਦਾਂ ਵੱਲ ਭੇਜੇ ਗਏ ਅਤੇ ਅੱਗ 'ਤੇ ਕਾਬੂ ਪਾ ਲਿਆ ਗਿਆ। ਉਨ੍ਹਾਂ ਦੱਸਿਆ ਕਿ ਕੁਝ ਅਣਪਛਾਤੇ ਹਮਲਾਵਰਾਂ ਨੇ ਪਲਵਲ ਜ਼ਿਲ੍ਹੇ ਦੇ ਮੀਨਾਰ ਗੇਟ ਬਾਜ਼ਾਰ ਵਿੱਚ ਚੂੜੀਆਂ ਦੀ ਦੁਕਾਨ ਨੂੰ ਵੀ ਅੱਗ ਲਾ ਦਿੱਤੀ। ਇਸ ਦੌਰਾਨ ਹਰਿਆਣਾ ਹਿੰਸਾ ਲਈ ਹੁਣ ਤੱਕ 176 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ 93 ਕੇਸ ਦਰਜ ਕੀਤੇ ਜਾ ਚੁੱਕੇ ਹਨ। ਨੂਹ 'ਚ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 1 ਵਜੇ ਤੱਕ ਕਰਫਿਊ 'ਚ ਢਿੱਲ ਦਿੱਤੀ ਗਈ ਹੈ।

### ਨਫ਼ਰਤੀ ਭਾਸ਼ਣਾਂ ਤੇ ਨਕੇਲ ਕੱਸੀ ਜਾਵੇ: ਸੁਪਰੀਮ ਕੋਰਟ

ਸੁਪਰੀਮ ਕੋਰਟ ਨੇ ਕਿਹਾ ਕਿ ਉਹ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐੱਚਪੀ) ਤੇ ਬਜਰੰਗ ਦਲ ਵੱਲੋਂ ਕੌਮੀ ਰਾਜਧਾਨੀ ਖੇਤਰ (ਐੱਨਸੀਆਰ) ਵਿੱਚ ਕੀਤੀਆਂ ਜਾਣ ਵਾਲੀਆਂ ਤਜਵੀਜ਼ਤ ਰੈਲੀਆਂ 'ਤੇ ਰੋਕ ਨਹੀਂ ਲਾ ਰਹੀ, ਪਰ ਸੂਬਾ ਸਰਕਾਰਾਂ ਨੂੰ ਇਨ੍ਹਾਂ ਰੈਲੀਆਂ/ਰੋਸ ਮੁਜ਼ਾਹਰਿਆਂ ਦੌਰਾਨ ਨਫ਼ਰਤੀ ਤਕਰੀਰ 'ਤੇ ਸਖ਼ਤੀ ਨਾਲ ਲਗਾਮ ਕੱਸਣੀ ਹੋਵੇਗੀ। ਸਿਖਰਲੀ ਕੋਰਟ ਨੇ ਦਿੱਲੀ ਨਾਲ ਲੱਗਦੇ ਹਰਿਆਣਾ ਦੇ ਕੁਝ ਹਿੱਸਿਆਂ ਵਿੱਚ ਫਿਰਕੂ ਝੜਪਾਂ 'ਚ ਛੇ ਵਿਅਕਤੀਆਂ ਦੀ ਮੌਤ ਮਗਰੋਂ ਅੱਜ ਸੰਵੇਦਨਸ਼ੀਲ ਇਲਾਕਿਆਂ ਵਿੱਚ ਸੁਰੱਖਿਆ ਅਮਲੇ ਦੀ ਨਫ਼ਰੀ ਵਧਾਉਣ ਦੇ ਹੁਕਮ ਦਿੱਤੇ ਹਨ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਐੱਸ.ਵੀ.ਭੱਟੀ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਸੰਵੇਦਨਸ਼ੀਲ ਥਾਵਾਂ 'ਤੇ ਸੀਸੀਟੀਵੀ ਕੈਮਰੇ ਲਾਉਣ ਦੇ ਹੁਕਮ ਵੀ ਦਿੱਤੇ ਹਨ।

### ਜਾਂਚ ਲਈ 'ਸਿਟ' ਬਣਾਵਾਂਗੇ-ਡੀਜੀਪੀ

ਹਰਿਆਣਾ ਦੇ ਡੀਜੀਪੀ ਪੀ.ਕੇ.ਅਗਰਵਾਲ ਨੇ ਅੱਜ ਕਿਹਾ ਕਿ ਸੂਬੇ ਵਿਚ ਫਿਰਕੂ ਹਿੰਸਾ ਦੇ ਕੇਸਾਂ ਅਤੇ ਝੜਪਾਂ ਵਿਚ ਬਜਰੰਗ ਦਲ ਦੇ ਮੈਂਬਰ ਮੋਨੂ ਮਾਨੇਸਰ ਦੀ ਭੂਮਿਕਾ ਦੀ ਜਾਂਚ ਲਈ ਵਿਸ਼ੇਸ ਜਾਂਚ ਟੀਮ (ਸਿਟ) ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਗੁਰੂਗ੍ਰਾਮ ਦੀ ਮਸਜਿਦ ਦੇ ਮੌਲਵੀ ਦੀ ਹੱਤਿਆ ਮਾਮਲੇ ਵਿਚ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੁੱਲ 41 ਐੱਫਆਈਆਰਜ਼ ਦਰਜ ਕੀਤੀਆਂ ਗਈਆਂ ਹਨ ਤੇ 116 ਮਸ਼ਕੂਕਾਂ ਨੂੰ ਗ੍ਰਿਫਤਾਰ ਕੀਤਾ ਹੈ। ਸੌ ਤੋਂ ਵੱਧ ਸ਼ੱਕੀਆਂ ਨੂੰ ਪੁੱਛ-ਪੜਤਾਲ ਲਈ ਹਿਰਾਸਤ ਵਿੱਚ ਲਿਆ ਹੈ। ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਡੀਜੀਪੀ ਨੇ ਦਾਅਵਾ ਕੀਤਾ ਕਿ ਸੂਬੇ ਵਿੱਚ ਹਾਲਾਤ ਕੰਟਰੋਲ ਹੇਠ ਹਨ ਤੇ ਨੂਹ ਵਿੱਚ ਥੋੜ੍ਹੇ ਸਮੇਂ ਲਈ ਕਰਫਿਊ ਵਿੱਚ ਢਿੱਲ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਗੁਰੂਗ੍ਰਾਮ ਪੂਰੀ ਤਰ੍ਹਾਂ ਸੁਰੱਖਿਅਤ ਹੈ ਤੇ ਕਿਸੇ ਤਰ੍ਹਾਂ ਦੀ ਹਿੰਸਾ ਦੀ ਕੋਈ ਰਿਪੋਰਟ ਨਹੀਂ ਹੈ। ਅਗਰਵਾਲ ਨੇ ਕਿਹਾ ਕਿ ਨੂਹ ਵਿੱਚ ਸੀਨੀਅਰ ਅਧਿਕਾਰੀ ਤਾਇਨਾਤ ਹਨ ਤੇ ਪੁਲੀਸ ਬਲ ਨੂੰ ਪ੍ਰਸ਼ਾਸਨਿਕ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤੀ ਨਾਲ ਸਿੱਝਣ ਦੀ ਹਦਾਇਤ ਕੀਤੀ ਗਈ ਹੈ।

# ਨਸ਼ੇ ਦੀ ਸੌਦਾਗਰ ਨਿਕਲੀ ਸੁਰਾਂ ਦੀ ਮਲਿਕਾ

ਮਾਛੀਵਾੜਾ-ਇਥੇ ਨਸ਼ੇ ਦੀ ਓਵਰਡੋਜ਼ ਨਾਲ ਮਰੇ ਨੌਜਵਾਨ ਕੁਲਦੀਪ ਸਿੰਘ ਲਾਡੀ ਦੇ ਮਾਮਲੇ ਵਿੱਚ ਕਾਰਵਾਈ ਕਰਦਿਆਂ ਪੁਲੀਸ ਨੇ ਅੱਜ ਗਾਇਕਾ ਪਰਮਜੀਤ ਕੌਰ ਪੰਮੀ ਵਾਸੀ ਰਹੀਮਾਬਾਦ ਖੁਰਦ ਅਤੇ ਜਗਦੀਸ਼ ਸਿੰਘ ਦੀਸ਼ਾ ਵਾਸੀ ਲੱਖੋਵਾਲ ਕਲਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਡੀਐੱਸਪੀ ਸਮਰਾਲਾ ਵਰਿਆਮ ਸਿੰਘ ਅਤੇ ਡੀਐੱਸਪੀ ਮਨਦੀਪ ਕੌਰ ਨੇ ਦੱਸਿਆ ਕਿ ਲੰਘੀ 30 ਜੁਲਾਈ ਨੂੰ ਪਿੰਡ ਮਾਣੇਵਾਲ ਦੇ ਕੁਲਦੀਪ ਸਿੰਘ ਲਾਡੀ ਦੀ ਲਾਸ਼ ਕਬਰਿਸਤਾਨ 'ਚੋਂ ਮਿਲੀ ਸੀ। ਪੁਲੀਸ ਜਾਂਚ ਦੌਰਾਨ ਸਾਹਮਣੇ ਆਇਆ ਕਿ ਕੁਲਦੀਪ ਸਿੰਘ ਲਾਡੀ ਨੇੜਲੇ ਪਿੰਡ ਰਹੀਮਾਬਾਦ ਖੁਰਦ ਦੀ ਰਹਿਣ ਵਾਲੀ ਪਰਮਜੀਤ ਕੌਰ ਪੰਮੀ ਤੋਂ ਨਸ਼ਾ ਲੈ ਕੇ ਆਇਆ ਸੀ। ਕੁਲਦੀਪ ਦੇ ਕੁਝ ਸਾਥੀਆਂ ਨੇ ਜਗਦੀਸ਼ ਦੀਸ਼ਾ ਤੋਂ ਵੀ ਨਸ਼ਾ ਖਰੀਦਿਆ ਸੀ। ਮਗਰੋਂ ਇਹ ਕਬਰਿਸਤਾਨ ਵਿੱਚ ਜਾ ਕੇ ਟੀਕੇ ਲਾਉਣ ਲੱਗ ਪਏ। ਕੁਲਦੀਪ ਨੇ ਪਹਿਲਾ ਟੀਕਾ ਲਾਇਆ ਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਇਸ ਮਗਰੋਂ ਉਸ ਦੇ ਸਾਥੀ ਉਥੋਂ ਭੱਜ ਗਏ। ਡੀਐੱਸਪੀ ਨੇ ਦੱਸਿਆ ਕਿ ਪਰਮਜੀਤ ਕੌਰ ਪੰਮੀ ਪੇਸ਼ੇ ਵਜੋਂ ਗਾਇਕਾ ਹੈ ਤੇ ਮੇਲਿਆਂ 'ਚ ਅਖਾੜੇ ਲਗਾਉਂਦੀ ਰਹੀ ਹੈ। ਜ਼ਿਕਰਯੋਗ ਹੈ ਕਿ ਪਰਮਜੀਤ ਕੌਰ ਦੀ ਭੈਣ ਬੇਅੰਤ ਕੌਰ ਵੀ ਨਸ਼ਾ ਤੇ ਕਤਲ ਦੇ ਮਾਮਲੇ ਵਿੱਚ ਜੇਲ੍ਹ ਅੰਦਰ ਹੈ। ਉਸ 'ਤੇ ਦੋਸ਼ ਹੈ ਕਿ ਉਸ ਨੇ ਗਾਇਕਾ ਦੇ ਘਰੋਂ ਇੱਕ ਨੌਜਵਾਨ ਦੀ ਲਾਸ਼ ਖੁਰਦ-ਬੁਰਦ ਕੀਤੀ ਸੀ।

# ਐੱਨਆਈਏ ਦੇ ਛਾਪਿਆਂ ਰਾਹੀਂ ਸਿੱਖਾਂ ਦੀ ਸਾਖ ਨੂੰ ਢਾਹ ਲਾਉਣ ਦੇ ਦੋਸ਼

ਅੰਮ੍ਰਿਤਸਰ-ਜਥੇਬੰਦੀ ਪੰਥ ਸੇਵਕ ਸ਼ਖ਼ਸੀਅਤਾਂ ਨੇ ਦੋਸ਼ ਲਾਇਆ ਕਿ ਕੌਮੀ ਜਾਂਚ ਏਜੰਸੀ ਐੱਨਆਈਏ ਵੱਲੋਂ ਸਿੱਖ ਸੰਸਥਾਵਾਂ (ਖਾਲਸਾ ਏਡ ਵੀ ਸ਼ਾਮਲ) ਅਤੇ ਵਿਦੇਸ਼ਾਂ ਵਿਚਲੀਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਦੇ ਘਰਾਂ ਉੱਤੇ ਮਾਰੇ ਗਏ ਛਾਪੇ ਸਿੱਖਾਂ ਦੀ ਸਾਖ ਨੂੰ ਢਾਹ ਲਾਉਣ ਦਾ ਯਤਨ ਹੈ। ਪੱਤਰਕਾਰ ਸੰਮੇਲਨ ਦੌਰਾਨ ਗੱਲਬਾਤ ਕਰਦਿਆਂ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਰਾਜਿੰਦਰ ਸਿੰਘ ਮੁਗਲਵਾਲ ਅਤੇ ਭਾਈ ਸਤਨਾਮ ਸਿੰਘ ਝੰਜੀਆਂ ਨੇ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸਿੱਖਾਂ ਨੂੰ ਨਿਖੇੜ ਕੇ ਸਿੱਧਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਹਮਲਾ ਕਿਸੇ ਇਕ ਸੰਸਥਾ, ਜਥੇਬੰਦੀ ਜਾਂ ਚੋਣਵੀਆਂ ਸ਼ਖ਼ਸੀਅਤਾਂ ਉੱਤੇ ਨਹੀਂ ਹੈ ਸਗੋਂ ਇਹ ਸਿੱਖਾਂ ਦੀ ਸਮੂਹਿਕ ਸਾਖ ਅਤੇ ਸਮਰੱਥਾ ਉੱਤੇ ਹਮਲਾ ਹੈ ਜਿਸ ਵਿਰੁੱਧ ਦੇਸ਼-ਵਿਦੇਸ਼ ਦੀਆਂ ਸੰਸਥਾਵਾਂ ਤੇ ਸਿੱਖ ਜਥੇਬੰਦੀਆਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਵਿਚ ਆਪਸੀ ਧੜੇਬੰਦੀ ਕਿਸੇ ਵੀ ਤਰ੍ਹਾਂ ਕੌਮ ਦੇ ਹਿੱਤ ਵਿਚ ਨਹੀਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਇਸ ਵੇਲੇ ਤੇਜ਼ੀ ਨਾਲ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਦੇ ਅਮਲ ਨੂੰ ਲਾਗੂ ਕਰ ਰਹੀ ਹੈ ਜਿਸ ਦੇ ਨਤੀਜੇ ਵੱਜੋਂ ਹਰ ਪੱਧਰ ਉੱਤੇ ਸੱਤਾ ਤੇ ਤਾਕਤਾਂ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਇਸ ਤਹਿਤ ਹੀ ਧਾਰਮਿਕ, ਸੱਭਿਆਚਾਰਕ ਤੇ ਭਾਸ਼ਾਈ ਪਛਾਣ, ਐਸ.ਸੀ. ਭਾਈਚਾਰੇ, ਆਦਿਵਾਸੀਆਂ ਤੇ ਹੋਰਨਾਂ ਸੰਘਰਸ਼ਸ਼ੀਲ ਫਿਰਕਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।







# ਪੌਲੀਏਵਰ ਨੇ ਟਰੂਡੋ ਨੂੰ ਅੱਜ ਦੇ ਹਾਲਾਤ ਲਈ ਜ਼ਿੰਮੇਵਾਰੀ ਲੈਣ ਵਾਸਤੇ ਆਖਿਆ

ਓਟਵਾ-ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਪਲਟਵਾਰ ਕਰਦਿਆਂ ਆਖਿਆ ਕਿ ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਪਹੁੰਚ ਹਰ ਗੱਲ ਲਈ ਕਟੌਤੀਆਂ ਤੇ ਗੁੱਸੇ ਵਾਲੀ ਹੈ ਤਾਂ ਟਰੂਡੋ ਕੈਨੇਡੀਅਨਜ਼ ਦੇ ਗੁੱਸੇ ਲਈ ਜ਼ਿੰਮੇਵਾਰੀ ਲੈਣ। ਮੰਗਲਵਾਰ ਨੂੰ ਓਟਵਾ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੌਲੀਏਵਰ ਨੇ ਆਖਿਆ ਕਿ ਅੱਠ ਸਾਲਾਂ ਬਾਅਦ ਘਰਾਂ ਦੀਆਂ ਕੀਮਤਾਂ ਦੁੱਗਣੀਆਂ ਹੋ ਚੁੱਕੀਆਂ ਹਨ, ਰਹਿਣੀ ਸਹਿਣੀ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ ਹਨ, ਸਾਡੀਆਂ ਸੜਕਾਂ ਉੱਤੇ ਜੁਰਮ, ਅਵਿਵਸਥਾ ਤੇ ਨਸ਼ੇ ਫੈਲੇ ਹੋਏ ਹਨ। ਹੁਣ ਟਰੂਡੋ ਨੂੰ ਇਹ ਲੱਗਦਾ ਹੈ ਕਿ ਅੱਜ ਕੈਨੇਡਾ ਵਿੱਚ ਸੱਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਲੋਕ ਉਨ੍ਹਾਂ ਨਾਲ ਗੁੱਸੇ ਹਨ ਪਰ ਦਿੱਕਤ ਇਹ ਹੈ ਕਿ ਲੋਕ ਆਪਣਾ ਕਿਰਾਇਆ ਤੱਕ ਨਹੀਂ ਦੇ ਪਾ ਰਹੇ। ਜ਼ਿਕਰਯੋਗ ਹੈ ਕਿ ਹੈਮਿਲਟਨ ਵਿੱਚ ਇੱਕ ਹਾਊਸਿੰਗ ਈਵੈਂਟ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਇਹ ਆਖਿਆ ਸੀ ਕਿ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਦਾ ਹਰ ਜਵਾਬ ਕਟੌਤੀਆਂ ਹੁੰਦਾ ਹੈ ਤੇ ਉਹ ਗੁੱਸੇ ਵਿੱਚ ਹੀ ਰਹਿੰਦੇ ਹਨ ਤੇ ਕੈਨੇਡਾ ਇਹੋ ਜਿਹਾ ਨਹੀਂ ਹੈ। ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਪੌਲੀਏਵਰ ਵਰਗੇ ਆਗੂ ਲੋਕਾਂ ਵਿੱਚ ਗੁੱਸਾ ਭਰ ਰਹੇ ਹਨ ਪਰ ਕੈਨੇਡੀਅਨਜ਼ ਮਿਹਨਤਕਸ ਹਨ ਤੇ ਆਪਣਾ ਭਵਿੱਖ ਸੰਵਾਰਨਾਂ ਜਾਣਦੇ ਹਨ। ਉਹ ਇਹ ਨਹੀਂ ਆਖਦੇ ਫਿਰਦੇ ਕਿ ਉਹ ਹੁਣ ਸੱਭ ਖ਼ਤਮ ਹੋ ਗਿਆ ਹੈ ਤੇ ਅਜਿਹਾ ਕਰਕੇ ਉਹ ਘਰਾਂ ਵਿੱਚ ਵਿਹਲੇ ਨਹੀਂ ਬੈਠਦੇ। ਕੈਨੇਡੀਅਨਜ਼ ਅਜਿਹੇ ਨਹੀਂ ਹਨ। ਮੰਗਲਵਾਰ ਨੂੰ ਭਾਜੀ ਮੋੜਦਿਆਂ ਪੌਲੀਏਵਰ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਟਰੂਡੋ ਦੇ ਜਜ਼ਬਾਤਾਂ ਨੂੰ ਠੇਸ ਪਹੁੰਚੀ ਹੈ ਕਿਉਂਕਿ ਇਹ ਤਾਂ ਸੱਚ ਹੈ ਕਿ ਕੈਨੇਡੀਅਨਜ਼ ਉਨ੍ਹਾਂ ਤੋਂ ਗੁੱਸਾ ਹਨ।ਪੌਲੀਏਵਰ ਨੇ ਆਖਿਆ ਕਿ ਹੈਰਾਨੀ ਵਾਲੀ ਗੱਲ ਇਹ ਹੈ ਕਿ ਟਰੂਡੋ ਨੇ ਕੈਨੇਡਾ ਦੇ ਇਤਿਹਾਸ ਦੇ ਸੱਭ ਤੋਂ ਖਰਾਬ ਇਮੀਗ੍ਰੇਸ਼ਨ ਮੰਤਰੀ ਨੂੰ ਹੁਣ ਹਾਊਸਿੰਗ ਮੰਤਰੀ ਬਣਾ ਦਿੱਤਾ ਹੈ। ਪਰ ਜਦੋਂ ਪੌਲੀਏਵਰ ਤੋਂ ਇਹ ਪੁੱਛਿਆ ਗਿਆ ਕਿ ਜੇ ਉਹ ਪ੍ਰਧਾਨ ਮੰਤਰੀ ਹੁੰਦੇ ਤਾਂ ਉਨ੍ਹਾਂ ਦੇ ਇਮੀਗ੍ਰੇਸ਼ਨ ਟੀਚੇ ਕੀ ਹੁੰਦੇ ਤਾਂ ਉਹ ਸਵਾਲ ਦਾ ਜਵਾਬ ਦੇਣ ਤੋਂ ਟਾਲਾ ਵੱਟ ਗਏ। ਪੌਲੀਏਵਰ ਨੇ ਆਖਿਆ ਕਿ ਕੱਲ੍ਹ ਟਰੂਡੋ ਨੇ ਪ੍ਰੈੱਸ ਕਾਨਫਰੰਸ ਕਰਕੇ ਲੋਕਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਹਾਊਸਿੰਗ ਲਈ ਉਹ ਜ਼ਿੰਮੇਵਾਰ ਨਹੀਂ ਹਨ। ਇਹ ਤਾਂ ਬੜੀ ਹਾਸੋਹੀਣੀ ਗੱਲ ਲੱਗੀ ਕਿਉਂਕਿ ਅੱਠ ਸਾਲ ਪਹਿਲਾਂ ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਹਾਊਸਿੰਗ ਦੀਆਂ ਕੀਮਤਾਂ ਘਟਾ ਕੇ ਹਟਣਗੇ। ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਕੈਨੇਡਾ ਵਿੱਚ ਸੱਭ ਤੋਂ ਵੱਡੀ ਹਾਊਸਿੰਗ ਏਜੰਸੀ ਹੀ ਫੈਡਰਲ ਹੈ। ਮਾਰਗੇਜ ਇੰਸ਼ੋਰੈਂਸ : ਫੈਡਰਲ, ਟੈਕਸ,ਫਿਸਕਲ ਤੇ ਮਾਨੇਟਰੀ ਪਾਲਿਸੀ : ਫੈਡਰਲ, ਸੱਭ ਫੈਡਰਲ ਹੈ ਤੇ ਅਜੇ ਵੀ ਫੈਡਰਲ ਪ੍ਰਧਾਨ ਮੰਤਰੀ ਇਹ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੈ।





# ਬੰਗਲਾਦੇਸ਼ ਵਿਚ ਡੇਂਗੂ ਦਾ ਕਹਿਰ, ਹੁਣ ਤੱਕ 261 ਮੌਤਾਂ

ਢਾਕਾ-ਬੰਗਲਾਦੇਸ਼ ਵਿੱਚ ਡੇਂਗੂ ਦਾ ਕਹਿਰ ਜਾਰੀ ਹੈ। ਡੇਂਗੂ ਨਾਲ ਮਰਨ ਵਾਲਿਆਂ ਦੀ ਗਿਣਤੀ ਦਿਨੋਂ ਦਿਨ ਵੱਧਦੀ ਜਾ ਰਹੀ ਹੈ। ਰਾਜਧਾਨੀ ਢਾਕਾ ਸਮੇਤ ਸਾਰੇ ਖੇਤਰਾਂ ਦੇ ਹਸਪਤਾਲ ਡੇਂਗੂ ਅਤੇ ਡੇਂਗੂ ਦੇ ਲੱਛਣਾਂ ਵਾਲੇ ਮਰੀਜ਼ਾਂ ਨਾਲ ਭਰੇ ਹੋਏ ਹਨ। ਬੰਗਲਾਦੇਸ਼ ਵਿੱਚ ਹੁਣ ਤੱਕ ਡੇਂਗੂ ਦੇ 54,416 ਮਾਮਲੇ ਸਾਹਮਣੇ ਆ ਚੁੱਕੇ ਹਨ। ਬੰਗਲਾਦੇਸ਼ 'ਚ ਮੰਗਲਵਾਰ ਨੂੰ ਜਾਰੀ ਰਿਪੋਰਟ ਮੁਤਾਬਕ ਪਿਛਲੇ 24 ਘੰਟਿਆਂ 'ਚ 10 ਮੌਤਾਂ ਹੋਈਆਂ ਹਨ। ਦੇਸ਼ ਵਿੱਚ ਹੁਣ ਤੱਕ ਡੇਂਗੂ ਨਾਲ ਮਰਨ ਵਾਲਿਆਂ ਦੀ ਗਿਣਤੀ 261 ਤੱਕ ਪਹੁੰਚ ਗਈ ਹੈ। ਬੰਗਲਾਦੇਸ਼ ਦੇ ਸਿਹਤ ਸੇਵਾਵਾਂ ਦੇ ਡਾਇਰੈਕਟੋਰੇਟ ਜਨਰਲ ਦੇ ਅਨੁਸਾਰ, ਪਿਛਲੇ 24 ਘੰਟਿਆਂ ਵਿੱਚ ਲਗਭਗ 2584 ਵਾਇਰਲ ਬੁਖਾਰ ਦੇ ਮਰੀਜ਼ ਦਰਜ ਕੀਤੇ ਗਏ ਹਨ। ਜਿਨ੍ਹਾਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। 2584 ਮਰੀਜ਼ਾਂ ਵਿੱਚੋਂ 1131 ਮਰੀਜ਼ ਢਾਕਾ ਦੇ ਹਸਪਤਾਲਾਂ ਵਿੱਚ ਦਾਖ਼ਲ ਹਨ ਜਦਕਿ ਬਾਕੀ ਮਰੀਜ਼ ਹੋਰਨਾਂ ਸ਼ਹਿਰਾਂ ਵਿੱਚ ਇਲਾਜ ਅਧੀਨ ਹਨ। ਇਸ ਸਮੇਂ ਦੌਰਾਨ ਬੰਗਲਾਦੇਸ਼ ਵਿੱਚ ਡੇਂਗੂ ਦੇ 9264 ਸਰਗਰਮ ਕੇਸ ਹਨ। ਇਨ੍ਹਾਂ ਵਿੱਚੋਂ 4869 ਡੇਂਗੂ ਦੇ ਮਰੀਜ਼ ਢਾਕਾ ਵਿੱਚ ਇਲਾਜ ਅਧੀਨ ਹਨ। ਜਦੋਂ ਕਿ ਬਾਕੀ ਮਰੀਜ਼ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਦਾਖਲ ਹਨ। ਹੁਣ ਤੱਕ ਡੇਂਗੂ ਦੇ ਕੁੱਲ 54,416 ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿੱਚੋਂ 44,891 ਲੋਕ ਠੀਕ ਹੋ ਚੁੱਕੇ ਹਨ। ਡੇਂਗੂ ਦੇ ਵਧਦੇ ਮਾਮਲਿਆਂ ਦੇ ਕਾਰਨ, ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਮੰਗਲਵਾਰ ਨੂੰ ਡੇਂਗੂ ਪ੍ਰਤੀ ਜਾਗਰੂਕਤਾ ਅਤੇ ਰੋਕਥਾਮ ਪੈਦਾ ਕਰਨ ਦੇ ਉਦੇਸ਼ ਨਾਲ ਨਿਰਦੇਸ਼ ਜਾਰੀ ਕੀਤੇ ਹਨ।









# ਮਨੀਪੁਰ ਘਟਨਾ : ਸ਼ਰਮਨਾਕ ਤੋਂ ਸ਼ਰਮਨਾਕ....

**ਸੁਖਵਿੰਦਰ ਸਿੰਘ ਚੋਹਲਾ**

ਭਾਰਤ ਦੇ ਉਤਰੀ-ਪੂਰਬੀ ਰਾਜ ਮਨੀਪੁਰ ਵਿਚ ਦੋ ਔਰਤਾਂ ਨੂੰ ਨਿਰਵਸਤਰ ਕਰਕੇ ਘੁੰਮਾਉਣ ਤੇ ਖੇਤਾਂ ਵਿਚ ਲਿਜਾਕੇ ਬਲਾਤਾਰ ਕੀਤੇ ਜਾਣ ਦੀ ਘਟਨਾ ਜਿਥੇ ਮਾਨਵੀ ਸਮਾਜ ਨੂੰ ਸ਼ਰਮਸਾਰ ਕਰਨ ਵਾਲੀ ਹੈ ਉਥੇ ਸਮੇਂ ਦੇ ਹਾਕਮਾਂ ਤੇ ਪ੍ਰਸ਼ਾਸਨ ਦੀ ਨਾਲਾਇਕੀ ਅਤੇ ਨਿਕੰਮੇਪਣ ਦੇ ਨਾਲ ਖੁਦ ਨੂੰ ਵਿਸ਼ਵ ਗੁਰੂ ਕਹਾਉਣ ਦੇ ਦਾਅਵੇਦਾਰਾਂ ਦੇ ਮੂੰਹ ਉਪਰ ਕਰਾਰੀ ਚਪੇੜ ਵੀ ਹੈ। ਇਹ ਸ਼ਰਮਨਾਕ ਘਟਨਾ ਉਸ ਸਮੇਂ ਵਾਪਰੀ ਹੈ ਜਦੋਂ ਭਾਰਤ ਚੰਦਰਯਾਨ ਰਾਹੀਂ ਚੰਦਰਮਾ ਉਪਰ ਤਿਰੰਗਾ ਝੰਡਾ ਗੱਡਣ ਦੀ ਕੋਸ਼ਿਸ਼ ਵਜੋਂ ਵਿਸ਼ਵ ਦੀਆਂ ਮਹਾਂਸ਼ਕਤੀਆਂ ਵਜੋਂ ਆਪਣਾ ਨਾਮ ਲਿਖਵਾਉਣ ਜਾ ਰਿਹਾ ਹੈ ਤੇ ਦੂਸਰੇ ਪਾਸੇ ਉਸੇ ਧਰਤੀ ਦੇ ਲੋਕ ਮਾਨਵੀ ਗਿਰਾਵਟ ਦੇ ਪਤਾਲ ਵਿਚ ਗਰਕ ਜਾਣ ਦੀਆਂ ਖਬਰਾਂ ਦੇ ਰੂਬਰੂ ਵੀ ਹੋ ਰਹੇ ਹਨ।

ਮਨੀਪੁਰ ਵਿਚ ਵਾਪਰੀ ਇਹ ਸ਼ਰਮਨਾਕ ਘਟਨਾ 2 ਮਈ ਦੀ ਦੱਸੀ ਜਾਂਦੀ ਹੈ ਪਰ ਇਸਦੀ ਵੀਡੀਓ ਕੁਝ ਦਿਨਾਂ ਬਾਦ ਸੋਸ਼ਲ ਮੀਡੀਆ ਉਪਰ ਪ੍ਰਸਾਰਿਤ ਹੋਣ ਉਪਰੰਤ ਹੀ ਭਾਰਤੀ ਹਾਕਮਾਂ ਦੀ ਜਾਗ ਖੁੱਲੀ ਹੈ। ਮਨੀਪੁਰ ਵਿਚ ਦੋ ਫਿਰਕਿਆਂ ਵਿਚ ਜਾਤੀ ਨਫਰਤ ਕਾਰਣ ਫੈਲੀ ਹਿੰਸਾ ਨੂੰ ਦਬਾਉਣ ਅਤੇ ਸ਼ਾਂਤੀ ਬਣਾਉਣ ਦੇ ਦਾਅਵਿਆਂ ਦਰਮਿਆਨ ਜਦੋਂ ਇਹ ਸ਼ਰਮਨਾਕ ਘਟਨਾ ਸਾਹਮਣੇ ਆਈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਆਖਰ ਆਪਣੀ ਚੁੱਪੀ ਤੋੜਨੀ ਪਈ। ਉਹਨਾਂ ਆਪਣੇ ਬਿਆਨ ਵਿਚ ਕਿਹਾ ਹੈ ਕਿ ਮਨੀਪੁਰ ਵਿਚ ਜੋ ਕੁਝ ਵੀ ਵਾਪਰਿਆ ਬਹੁਤ ਸ਼ਰਮਨਾਕ ਹੈ ਤੇ ਧੀਆਂ ਭੈਣਾਂ ਦੀ ਬੇਇਜਤੀ ਕਰਨ ਵਾਲੇ ਦੋਸ਼ੀਆਂ ਨੂੰ ਕਦੇ ਮੁਆਫ ਨਹੀ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਮਨੀਪੁਰ ਘਟਨਾ ਉਪਰ ਅਫਸੋਸ ਪ੍ਰਗਟ ਕਰਦਿਆਂ ਸੂਬੇ ਵਿਚ ਫੈਲੀ ਫਿਰਕੂ ਨਫਰਤ ਅਤੇ ਹਿੰਸਾ ਦਾ ਕੋਈ ਜਿਕਰ ਨਹੀ ਕੀਤਾ ਤੇ ਨਾਹੀ ਸੂਬੇ ਦੇ ਮੁੱਖ ਮੰਤਰੀ ਬਾਰੇ ਕੁਝ ਕਿਹਾ ਹੈ ਜੋ ਬੜੀ ਬੇਸ਼ਰਮੀ ਨਾਲ ਇਹ ਕਹਿੰਦੇ ਸੁਣਾਈ ਦਿੱਤੇ ਹਨ ਕਿ ਔਰਤਾਂ ਨਾਲ ਦੁਰਵਿਹਾਰ ਦੀਆਂ ਘਟਨਾਵਾਂ ਤੇ ਹੋਰ ਵੀ ਬਹੁਤ ਵਾਪਰੀਆਂ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਸ਼ਰਮਨਾਕ ਘਟਨਾ ਲਈ ਜਿੰਮੇਵਾਰ ਕਿਸੇ ਵੀ ਦੋਸ਼ੀ ਨੂੰ ਬਖਸ਼ਿਆ ਨਹੀ ਜਾਵੇਗਾ। ਉਹਨਾਂ ਇਹ ਵੀ ਕਿਹਾ ਕਿ ਲੋਕਤੰਤਰ ਦੇ ਮੰਦਿਰ ਵਿਚ ਆਉਣ ਤੋਂ ਪਹਿਲਾਂ ਉਹਨਾਂ ਦਾ ਦਿਲ ਗੁੱਸੇ ਤੇ ਨਾਰਾਜ਼ਗੀ ਨਾਲ ਭਰਿਆ ਪਿਆ ਹੈ ਪਰ ਸੰਸਦ ਵਿਚ ਕਈ ਦਿਨਾਂ ਤੋਂ ਸ਼ੋਰ ਸ਼ਰਾਬਾ ਪਾਉਂਦਿਆਂ ਇਸ ਮੁੱਦੇ ਉਪਰ ਬਹਿਸ ਦੀ ਮੰਗ ਕਰਦੇ ਆ ਰਹੇ ਵਿਰੋਧੀ ਮੈਂਬਰਾਂ ਦੀ ਆਵਾਜ਼ ਸੁਣਨ ਨੂੰ ਉਹ ਤਿਆਰ ਨਹੀ ਹਨ।

ਜਿਕਰਯੋਗ ਹੈ ਕਿ ਮਨੀਪੁਰ ਵਿਚ ਵਸਦੇ ਦੋ ਪ੍ਰਮੁੱਖ ਭਾਈਚਾਰੇ -ਕੁੱਕੀ ਅਤੇ ਮੈਤਈ ਵਿਚਾਲੇ ਫਿਰਕੂ ਹਿੰਸਾ ਉਸ ਸਮੇਂ ਭੜਕ ਉਠੀ ਸੀ ਜਦੋਂ ਇਸਾਈ ਧਰਮ ਨਾਲ ਸਬੰਧ ਰੱਖਣ ਵਾਲੇ ਕੁੱਕੀ ਲੋਕਾਂ ਨੇ ਰਾਜ ਵਿਚ ਹਿੰਦੂ ਧਰਮ ਨਾਲ ਸੰਬੰਧਿਤ ਮੈਤਈ ਭਾਈਚਾਰੇ ਲਈ ਐਸ ਟੀ ਰੁਤਬਾ ਦਿੱਤੇ ਜਾਣ ਦਾ ਵਿਰੋਧ ਕਰਦਿਆਂ ਰੋਸ ਪ੍ਰਦਰਸ਼ਨ ਕੀਤਾ ਸੀ। ਕੁੱਕੀ ਭਾਈਚਾਰੇ ਦੀ ਦਲੀਲ ਹੈ ਕਿ ਬਹੁਗਿਣਤੀ ਵਾਲੇ ਮੈਤਈ ਭਾਈਚਾਰੇ ਨੂੰ ਕਬਾਇਲੀ ਜਨਜਾਤੀ ਦਾ ਰੁਤਬਾ ਦਿੱਤੇ ਜਾਣ ਨਾਲ ਉਹਨਾਂ ਦੇ ਅਧਿਕਾਰਾਂ ਨੂੰ ਖਤਰਾ ਪੈਦਾ ਹੋ ਜਾਵੇਗਾ ਕਿਉਂਕਿ ਸੂਬੇ ਵਿਚ ਪਹਿਲਾਂ ਹੀ ਜ਼ਮੀਨ ਖਰੀਦਣ ਅਤੇ ਨੌਕਰੀਆਂ ਵਿਚ ਰਾਖਵੇਂਕਰਨ ਦੇ ਅਧਿਕਾਰ ਕੁੱਕੀ ਜਨਜਾਤੀ ਕੋਲ ਹਨ ਪਰ ਹੁਣ ਮੈਤਈ ਭਾਈਚਾਰੇ ਨੂੰ ਇਹ ਅਧਿਕਾਰ ਦੇਣ ਨਾਲ ਸੂਬੇ ਵਿਚ ਵੱਡਾ ਬਿਖੇੜਾ ਉਠ ਖੜਾ ਹੋਇਆ ਹੈ। ਦੋਵਾਂ ਫਿਰਕਿਆਂ ਵਿਚਾਲੇ ਫੈਲੀ ਹਿੰਸਾ ਕਾਰਣ ਹੁਣ ਤੱਕ 157 ਲੋਕ ਮਾਰੇ ਜਾ ਚੁੱਕੇ ਹਨ ਤੇ 50,000 ਤੋ ਉਪਰ ਲੋਕ ਬੇਘਰ ਹੋ ਚੁੱਕੇ ਹਨ ਜਿਹਨਾਂ ਨੂੰ ਸਰਕਾਰ ਵਲੋਂ ਆਰਜੀ ਕੈਂਪਾਂ ਵਿਚ ਰੱਖਿਆ ਜਾ ਰਿਹਾ ਹੈ। ਪਿਛਲੀ ਤਿੰਨ ਮਈ ਤੋਂ ਮਨੀਪੁਰ ਵਿਚ ਫੈਲੀ ਫਿਰਕੂ ਹਿੰਸਾ ਦੌਰਾਨ ਔਰਤਾਂ ਅਤੇ ਬੱਚਿਆਂ ਖਿਲਾਫ ਜੁਲਮ ਦੀਆਂ ਜੋ ਤਸਵੀਰਾਂ ਸਾਹਮਣੇ ਆਈਆਂ ਹਨ ਉਹ ਬਹੁਤ ਹੀ ਹਿਰਦੇਵੇਧਕ ਹਨ। ਸਮਝਿਆ ਜਾਂਦਾ ਹੈ ਕਿ ਸੂਬੇ ਵਿਚ ਹਿੰਦੂ ਬਹੁਗਿਣਤੀ ਮੈਤਈ ਫਿਰਕੇ ਨਾਲ ਸੰਬੰਧਿਤ ਲੋਕ ਘੱਟ ਗਿਣਤੀ ਕੁੱਕੀ ਈਸਾਈ ਲੋਕਾਂ ਨੂੰ ਲਗਾਤਾਰ ਡਰਾਉਣ ਧਮਕਾਉਣ ਦੇ ਨਾਲ ਜੋਰ ਜੁਲਮ ਦਾ ਸ਼ਿਕਾਰ ਬਣਾ ਰਹੇ ਹਨ। ਇਸ ਹਿੰਸਕ ਦੌਰ ਦੌਰਾਨ ਕੁੱਕੀ ਫਿਰਕੇ ਨਾਲ ਸੰਬੰਧਿਤ ਇਕ 40 ਸਾਲਾ ਔਰਤ ਅਤੇ ਇਕ ਅੱਲੜ ਵਰੇਸ ਦੀ ਲੜਕੀ ਨੂੰ ਨੰਗਾ ਕਰਕੇ ਘੁਮਾਉਣ ਅਤੇ ਖੇਤਾਂ ਵਿਚ ਲਿਜਾਕੇ ਉਹਨਾਂ ਨਾਲ ਜਿਆਦਤੀ ਕੀਤੇ ਜਾਣ ਦੀ ਵੀਡੀਓ ਵਿਚ ਮੈਤਈ ਕਬੀਲੇ ਦੇ ਲੋਕਾਂ ਵਲੋਂ ਗੁੰਡਾਗਰਦੀ ਦਾ ਜੋ ਨੰਗਾ ਨਾਚ ਕੀਤਾ ਗਿਆ, ਉਸਤੋ ਜਾਹਰ ਹੈ ਕਿ ਸੂਬੇ ਵਿਚ ਅਮਨ ਕਨੂੰਨ ਦੀ ਵਿਵਸਥਾ ਬਿਲਕੁਲ ਨਾਦਾਰਦ ਹੈ। ਬੁਰਛਾਗਰਦੀ ਦੀ ਸਿਖਰ ਹੈ ਕਿ ਹਿੰਸਾ ਤੇ ਬਲਾਤਕਾਰ ਦੀਆਂ ਘਟਨਾਵਾਂ ਸਬੰਧੀ ਕਿਸੇ ਵੀ ਥਾਣੇ ਵਿਚ ਕੋਈ ਰਿਪੋਰਟ ਦਰਜ ਨਹੀ ਕਰਵਾਈ ਗਈ। ਸਮਝਿਆ ਜਾ ਸਕਦਾ ਹੈ ਕਿ ਘੱਟਗਿਣਤੀ ਲੋਕ ਇਤਨੇ ਡਰੇ ਹੋਏ ਹਨ ਕਿ ਉਹਨਾਂ ਵਿਚ ਥਾਣੇ ਜਾ ਕੇ ਰਿਪੋਰਟ ਲਿਖਵਾਉਣ ਜਾਂ ਕਹਿ ਲਵੋ ਕਿ ਪੁਲਿਸ ਪ੍ਰਾਸ਼ਾਸਨ ਵਿਚ ਕੋਈ ਵਿਸ਼ਵਾਸ ਹੀ ਨਹੀ ਕਿ ਉਹ ਆਪਣੀ ਰਿਪੋਰਟ ਦਰਜ ਕਰਵਾ ਸਕਣ।

> ਹਾਕਮਾਂ ਜਾਂ ਸਿਆਸਤਦਾਨਾਂ ਲਈ ਫਿਰਕੂ ਨਫਰਤ ਨੂੰ ਹਵਾ ਦੇਣਾ ਜਾਂ ਲਿਪਾਪੋਚੀ ਕਰਨਾ ਉਹਨਾਂ ਦੀ ਖੇਡ ਦਾ ਹਿੱਸਾ ਹੋ ਸਕਦਾ ਹੈ ਪਰ ਔਰਤਾਂ ਨੂੰ ਜਾਤੀ ਨਫਰਤ ਦੌਰਾਨ ਨਿਸ਼ਾਨਾ ਬਣਾਉਣ ਵਾਲੇ ਲੋਕਾਂ ਨੂੰ ਦੁਰਲਾਹਨਤ ਭੇਜਕੇ, ਗੱਲ ਨੂੰ ਰਫਾ ਦਫਾ ਕਰ ਦੇਣਾ ਵੀ ਮਾਨਵੀ ਸਮਾਜ ਲਈ ਲਾਹਨਤ ਤੋਂ ਘੱਟ ਨਹੀਂ।




ਇਸ ਘਟਨਾ ਉਪਰੰਤ ਮਨੀਪੁਰ, ਗਵਾਂਢੀ ਸੂਬਿਆਂ ਅਤੇ ਦੇਸ਼ ਦੇ ਹੋਰ ਕਈ ਭਾਗਾਂ ਵਿਚ ਵਿਖਾਵਾਕਾਰੀਆਂ ਨੇ ਸੜਕਾਂ ਉਪਰ ਨਿਕਲਦਿਆਂ ਸੂਬਾ ਸਰਕਾਰ ਤੇ ਕੇਂਦਰ ਸਰਕਾਰ ਖਿਲਾਫ ਰੋਸ ਜਾਹਰ ਕਰਦਿਆਂ ਦੋਸ਼ੀਆ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਇਹਨਾਂ ਰੋਸ ਵਿਖਾਵਿਆਂ ਉਪਰੰਤ ਹੀ ਇਸ ਘਟਨਾ ਲਈ ਜਿੰਮੇਵਾਰ 5 ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ। ਅਫਸੋਸਨਾਕ ਪਹਿਲੂ ਇਹ ਵੀ ਹੈ ਕਿ ਦੋਸ਼ੀਆਂ ਵਿਚ ਇਕ 15 ਸਾਲਾ ਲੜਕਾ ਵੀ ਸ਼ਾਮਿਲ ਹੈ।

ਜਿਸਤੋ ਜਾਣਿਆ ਜਾ ਸਕਦਾ ਹੈ ਕਿ ਭਾਰਤੀ ਸਮਾਜ ਵਿਚ ਫਿਰਕੂ ਤੇ ਹਿੰਸਕ ਸੋਚ ਦੀ ਜੜ ਕਿਸ ਕਦਰ ਆਪਣੀ ਥਾਂ ਬਣਾਈ ਬੈਠੀ ਹੈ। ਆਜਾਦੀ ਦਾ ਅੰਮ੍ਰਿਤ ਮਹਾਉਤਸਵ ਮਨਾਉਣ ਵਾਲੇ ਭਾਰਤ ਦੀਆਂ ਜੜਾਂ ਵਿਚ ਪਏ ਇਸ ਫਿਰਕੂ ਸੋਚ ਦੇ ਜਹਿਰ ਦਾ ਹੁਣ ਤੱਕ ਇਲਾਜ ਕਿਉਂ ਨਹੀ ਹੋ ਸਕਿਆ। ਇਸਦਾ ਕਾਰਣ ਜਾਣਨਾ ਕੋਈ ਮੁਸ਼ਕਲ ਕਾਰਜ ਵੀ ਨਹੀ। ਅਗਸਤ 1947 ਵਿਚ ਦੇਸ਼ ਦੀ ਵੰਡ ਦੌਰਾਨ ਲਗਪਗ 10 ਲੱਖ ਲੋਕ ਮਾਰੇ ਗਏ ਤੇ ਕਰੋੜਾਂ ਲੋਕ ਘਰੋ ਬੇਘਰ ਹੋ ਗਏ, ਲਈ ਵੀ ਇਹੀ ਫਿਰਕੂ ਜਹਿਰ ਜਿੰਮੇਵਾਰ ਸੀ। ਪਰ ਇਸ ਜ਼ਹਿਰ ਨੂੰ ਸਮਾਜ ਦੀਆਂ ਨਸਾਂ ਵਿਚ ਫੈਲਣ ਜਾਂ ਫੈਲਾਉਣ ਵਾਲੇ ਵੀ ਕੌਣ ਸਨ। ਦੇਸ਼ ਜਾਂ ਸਮਾਜ ਦੀਆਂ ਜੜਾਂ ਵਿਚ ਪਏ ਇਸ ਫਿਰਕੂ ਜ਼ਹਿਰ, ਹਿੰਸਾ ਜਾਂ ਨਸਲੀ ਨਫਰਤ ਉਪਰ ਸੰਸਦ ਵਿਚ ਬਹਿਸ ਦਾ ਸੱਦਾ ਦੇਣ ਵਾਲੇ, ਜਾਂ ਬਹਿਸ ਤੋ ਇਨਕਾਰੀ ਹੋਣ ਵਾਲੇ, ਸਮਾਜ ਦੇ ਠੇਕੇਦਾਰ, ਸੂਬਿਆਂ ਤੇ ਦੇਸ਼ ਦੀ ਸਿਆਸਤ ਉਪਰ ਕਾਬਜ਼ ਧਿਰਾਂ, ਆਗੂ ਜਾਂ ਹਾਕਮ ਆਖਰ ਹੈ ਕੌਣ । ਇਹ ਸਭ ਸਮਝਣ ਜਾਂ ਜਾਣਨ ਤੋ ਬਿਨਾਂ ਇਸ ਫਿਰਕੂ ਸੋਚ ਜਾਂ ਜਹਿਰ ਦਾ ਇਲਾਜ ਸੰਭਵ ਨਹੀ।

ਹਾਕਮਾਂ ਜਾਂ ਸਿਆਸਤਦਾਨਾਂ ਲਈ ਫਿਰਕੂ ਨਫਰਤ ਨੂੰ ਹਵਾ ਦੇਣਾ ਜਾਂ ਲਿਪਾਪੋਚੀ ਕਰਨਾ ਉਹਨਾਂ ਦੀ ਖੇਡ ਦਾ ਹਿੱਸਾ ਹੋ ਸਕਦਾ ਹੈ ਪਰ ਔਰਤਾਂ ਨੂੰ ਜਾਤੀ ਨਫਰਤ ਦੌਰਾਨ ਨਿਸ਼ਾਨਾ ਬਣਾਉਣ ਵਾਲੇ ਲੋਕਾਂ ਨੂੰ ਦੁਰਲਾਹਨਤ ਭੇਜਕੇ, ਗੱਲ ਨੂੰ ਰਫਾ ਦਫਾ ਕਰ ਦੇਣਾ ਵੀ ਮਾਨਵੀ ਸਮਾਜ ਲਈ ਲਾਹਨਤ ਤੋਂ ਘੱਟ ਨਹੀਂ।

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

**FAST** ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart & Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਯੂਕਰੇਨ ਦੇ ਖੇਰਸਨ ਵਿਚ ਰੂਸ ਵੱਲੋਂ ਗੋਲੀਬਾਰੀ ਵਿਚ 18ਵੀਂ ਸਦੀ ਦਾ ਇਤਿਹਾਸਕ ਚਰਚ ਵੀ ਢਹਿ ਢੇਰੀ

ਕੀਵ-ਰੂਸ-ਯੂਕਰੇਨ ਯੁੱਧ ਆਪਣੇ ਸਭ ਤੋਂ ਭਿਆਨਕ ਦੌਰ ਵਿੱਚ ਹੈ। ਇਸ ਦੌਰਾਨ ਰੂਸ ਨੇ ਯੂਕਰੇਨ ਦੇ ਖੇਰਸਨ ਸ਼ਹਿਰ ਨੂੰ ਗੋਲਾਬਾਰੀ ਵਿੱਚ ਤਬਾਹ ਕਰ ਦਿੱਤਾ ਹੈ। ਰੂਸੀ ਗੋਲਾਬਾਰੀ ਨੇ ਵੀਰਵਾਰ ਨੂੰ ਯੂਕਰੇਨ ਦੇ ਖੇਰਸਨ ਸ਼ਹਿਰ ਵਿੱਚ ਇੱਕ ਇਤਿਹਾਸਕ ਚਰਚ ਨੂੰ ਵੀ ਨੁਕਸਾਨ ਪਹੁੰਚਾਇਆ ਜਿਸ ਵਿਚ 18ਵੀਂ ਸਦੀ ਦੇ ਮਸ਼ਹੂਰ ਕਮਾਂਡਰ ਦੇ ਆਖਰੀ ਅਵਸ਼ੇਸ਼ਾਂ ਨੂੰ ਦਫ਼ਨਾਇਆ ਗਿਆ ਸੀ। ਜਿਸ ਨੇ ਆਧੁਨਿਕ ਯੂਕਰੇਨ ਦੇ ਦੱਖਣ-ਪੂਰਬੀ ਹਿੱਸਿਆਂ ਉੱਤੇ ਰੂਸੀ ਕੰਟਰੋਲ ਸਥਾਪਤ ਕੀਤਾ ਅਤੇ ਕ੍ਰੀਮੀਅਨ ਪ੍ਰਾਇਦੀਪ ਨੂੰ ਆਪਣੇ ਨਾਲ ਜੋੜ ਲਿਆ। ਯੂਕਰੇਨ ਦੀ ਐਮਰਜੈਂਸੀ ਸੇਵਾ ਨੇ ਕਿਹਾ ਕਿ ਗੋਲਾਬਾਰੀ ਦੇ ਦੂਜੇ ਦੌਰ ਦੌਰਾਨ ਸੇਂਟ ਕੈਥਰੀਨ ਕੈਥੇਡ੍ਰਲ 'ਚ ਅੱਗ ਬੁਝਾਉਣ 'ਚ ਲੱਗੇ ਉਸ ਦੇ ਚਾਰ ਕਰਮਚਾਰੀ ਜ਼ਖਮੀ ਹੋ ਗਏ। ਜਨਰਲ ਪ੍ਰੌਸੀਕਿਊਟਰ ਦੇ ਦਫਤਰ ਨੇ ਕਿਹਾ ਕਿ ਗੋਲਾਬਾਰੀ ਦੇ ਪਹਿਲੇ ਦੌਰ ਦੌਰਾਨ ਚਾਰ ਹੋਰ ਲੋਕ ਜ਼ਖਮੀ ਹੋ ਗਏ ਸਨ, ਜਿਸ ਨੇ ਇੱਕ ਟਰਾਲੀ ਬੱਸ ਨੂੰ ਵੀ ਨਿਸ਼ਾਨਾ ਬਣਾਇਆ ਸੀ। ਗੋਲੀਬਾਰੀ ਓਡੇਸਾ ਵਿੱਚ ਇੱਕ ਪ੍ਰਸਿੱਧ ਆਰਥੋਡਾਕਸ ਗਿਰਜਾਘਰ ਨੂੰ ਪਿਛਲੇ ਹਫ਼ਤੇ ਇੱਕ ਮਿਜ਼ਾਈਲ ਹਮਲੇ ਵਿੱਚ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਉਣ ਤੋਂ ਬਾਅਦ ਹੋਈ ਹੈ। ਗੋਲਾਬਾਰੀ ਨੇ ਦੇਸ਼ ਦੇ ਸੱਭਿਆਚਾਰਕ ਸਮਾਰਕਾਂ 'ਤੇ ਜੰਗ ਦੇ ਖ਼ਤਰੇ ਨੂੰ ਰੇਖਾਂਕਿਤ ਕੀਤਾ। ਖੇਰਸਨ ਚਰਚ, ਸਾਲ 1781 ਵਿੱਚ ਬਣਾਇਆ ਗਿਆ, ਸ਼ਹਿਰ ਦੀਆਂ ਸਭ ਤੋਂ ਮਹੱਤਵਪੂਰਨ ਇਮਾਰਤਾਂ ਵਿੱਚੋਂ ਇੱਕ ਹੈ। ਇਹ ਕਿਸੇ ਸਮੇਂ ਪ੍ਰਿੰਸ ਗ੍ਰਿਗੋਰੀ ਪੋਟੇਮਕਿਨ ਦੀ ਦਫ਼ਨਾਉਣ ਵਾਲੀ ਜਗ੍ਹਾ ਸੀ, ਜੋ ਕਿ ਰੂਸੀ ਮਹਾਰਾਣੀ ਕੈਥਰੀਨ ਮਹਾਨ ਦੀ ਪਸੰਦੀਦਾ ਸੀ। ਇੱਕ ਹੋਰ ਘਟਨਾਕ੍ਰਮ ਵਿੱਚ, ਕੀਵ ਖੇਤਰ ਦੇ ਗਵਰਨਰ ਰੁਸਲਾਨ ਕ੍ਰਾਵਚੇਂਕੋ ਨੇ ਕਿਹਾ ਕਿ ਰੂਸ ਨੇ ਰਾਜਧਾਨੀ ਖੇਤਰ 'ਤੇ ਕਈ ਡਰੋਨ ਹਮਲੇ ਕੀਤੇ ਸਨ, ਜਿਨ੍ਹਾਂ ਨੂੰ ਸੁੱਟ ਲਿਆ ਗਿਆ। ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ ਸੀ। ਰੂਸੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਮਾਸਕੋ ਤੋਂ 150 ਕਿਲੋਮੀਟਰ ਦੱਖਣ ਵਿੱਚ ਕਲੂਗਾ ਖੇਤਰ ਵਿੱਚ ਛੇ ਯੂਕਰੇਨੀ ਡਰੋਨਾਂ ਨੂੰ ਸੁੱਟ ਲਿਆ ਗਿਆ। ਖੇਰਸਨ, ਜੋ ਕਰੀਬ ਨੌਂ ਮਹੀਨਿਆਂ ਤੋਂ ਰੂਸ ਦੇ ਕਬਜ਼ੇ ਹੇਠ ਸੀ, ਨੂੰ ਯੂਕਰੇਨ ਦੀ ਫੌਜ ਨੇ ਪਿਛਲੇ ਸਾਲ ਨਵੰਬਰ ਵਿੱਚ ਕ੍ਰੇਮਲਿਨ ਲਈ ਸ਼ਰਮਨਾਕ ਹਾਰ ਦੇ ਕੇ ਮੁੜ ਕਬਜ਼ਾ ਕਰ ਲਿਆ ਸੀ। ਯੂਕਰੇਨ ਦੇ ਕਬਜ਼ੇ ਦੇ ਨਾਲ, ਖੇਰਸਨ ਤੁਰੰਤ ਦੱਖਣ ਵਿੱਚ ਯੁੱਧ ਦੀ ਪਹਿਲਾ ਮੋਰਚਾ ਬਣ ਗਿਆ ਅਤੇ ਰੂਸੀ ਪਾਸਿਓਂ ਮਾਰੂ ਤੋਪਖਾਨੇ ਅਤੇ ਡਰੋਨ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ।



# ਕੈਨੇਡਾ ਲਈ ਇਮੀਗ੍ਰੇਸ਼ਨ ਵਾਸਤੇ ਸਰਕਾਰ ਨੇ ਖੋਲ੍ਹੇ ਨਵੇਂ ਰਾਹ

ਓਟਵਾ-ਖਾਸ ਕਿਸਮ ਦੇ ਕੰਮਾਕਾਰਾਂ ਦਾ ਤਜਰਬਾ ਰੱਖਣ ਵਾਲੇ ਲੋਕਾਂ ਨੂੰ ਕੈਨੇਡਾ ਦੇ ਨਵੇਂ ਐਕਸਪ੍ਰੈੱਸ ਐਂਟਰੀ ਸਿਸਟਮ ਰਾਹੀਂ ਅਪਲਾਈ ਕਰਨ ਦਾ ਸੱਦਾ ਦਿੱਤਾ ਜਾ ਰਿਹਾ ਹੈ। ਮੰਗਲਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਨੇ ਐਲਾਨ ਕੀਤਾ ਕਿ ਉਨ੍ਹਾਂ ਵੱਲੋਂ ਕਾਰਪੈਂਟਰੀ, ਪਲੰਬਿੰਗ ਤੇ ਵੈਲਡਿੰਗ ਵਿੱਚ ਮੁਹਾਰਤ ਰੱਖਣ ਵਾਲੇ ਹੁਨਰਮੰਦ ਵਰਕਰਜ਼ ਲਈ ਇਮੀਗ੍ਰੇਸ਼ਨ ਦੇ ਰਾਹ ਖੋਲ੍ਹੇ ਜਾ ਰਹੇ ਹਨ। ਮਈ ਵਿੱਚ ਐਲਾਨੇ ਗਏ ਨਵੇਂ ਐਕਸਪ੍ਰੈੱਸ ਐਂਟਰੀ ਪ੍ਰੋਗਰਾਮ ਵਿੱਚ ਇਸ ਤੀਜੀ ਵੰਨਗੀ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਨਾਲ ਕੈਨੇਡਾ ਨੂੰ ਲੇਬਰ ਸਬੰਧੀ ਖਾਸ ਲੋੜਾਂ ਪੂਰੀਆਂ ਕਰਨ ਦੀ ਖੁੱਲ੍ਹ ਮਿਲੇਗੀ।ਇੱਥੇ ਦੱਸਣਾ ਬਣਦਾ ਹੈ ਕਿ ਇੱਥੇ ਇਨ੍ਹਾਂ ਸੈਕਟਰਜ਼ ਵਿੱਚ ਕਈ ਕਿਸਮ ਦੀ ਲੇਬਰ ਸਬੰਧੀ ਘਾਟ ਪਾਈ ਜਾ ਰਹੀ ਹੈ। ਇੱਕ ਪ੍ਰੈੱਸ ਰਲੀਜ਼ ਵਿੱਚ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਆਖਿਆ ਕਿ ਹੁਨਰਮੰਦ ਟਰੇਡਜ਼ ਵਰਕਰਜ਼ ਦੀ ਘਾਟ ਨੂੰ ਪੂਰਾ ਕਰਨ ਲਈ ਇਹ ਕਦਮ ਚੁੱਕਿਆ ਜਾ ਰਿਹਾ ਹੈ। ਐਕਸਪ੍ਰੈੱਸ ਐਂਟਰੀ ਸਿਸਟਮ ਤੋਂ ਪਹਿਲਾਂ ਉਮੀਦਵਾਰਾਂ ਨੂੰ ਉਮਰ, ਮੈਰੀਟਲ ਸਟੇਟਸ, ਸਿੱਖਿਆ ਦੇ ਪੱਧਰ ਤੇ ਤਜਰਬੇ ਦੇ ਬਾਵਜੂਦ ਕਈ ਹੋਰਨਾਂ ਮਾਪਦੰਡਾਂ ਦੇ ਹਿਸਾਬ ਨਾਲ ਅੰਕ ਦਿੱਤੇ ਜਾਂਦੇ ਸਨ। ਇਸ ਪ੍ਰੋਗਰਾਮ ਰਾਹੀਂ ਸਾਇੰਸ, ਤਕਨਾਲੋਜੀ, ਇੰਜੀਨੀਅਰਿੰਗ ਤੇ ਮੈਥੇਮੈਟਿਕਸ (ਸਟੈੱਮ) ਵਿੱਚ ਮੁਹਾਰਤ ਰੱਖਣ ਵਾਲਿਆਂ ਨੂੰ ਵੀ ਅਪਲਾਈ ਕਰਨ ਦਾ ਸੱਦਾ ਦਿੱਤਾ ਗਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਪ੍ਰੋਗਰਾਮ ਤਹਿਤ ਹੋਰ ਵੰਨਗੀਆਂ ਸਬੰਧੀ ਐਲਾਨ ਆਉਣ ਵਾਲੇ ਹਫਤਿਆਂ ਵਿੱਚ ਕੀਤਾ ਜਾਵੇਗਾ। ਇਸ ਸਾਲ ਬਹੁਤਾ ਧਿਆਨ ਹੇਠ ਲਿਖੀਆਂ ਵੰਨਗੀਆਂ ਵੱਲ ਦਿੱਤਾ ਜਾਵੇਗਾ : • ਹੈਲਥ ਕੇਅਰ • ਸਾਇੰਸ, ਤਕਨਾਲੋਜੀ, ਇੰਜੀਨੀਅਰਿੰਗ ਤੇ ਮੈਥੇਮੈਟਿਕਸ • ਕਾਰਪੈਂਟਰੀ, ਪਲੰਬਿੰਗ ਤੇ ਕਾਂਟਰੈਕਟਿੰਗ ਵਰਗੇ ਕੰਮਾਂ • ਟਰਾਂਸਪੋਰਟੇਸ਼ਨ • ਖੇਤੀਬਾੜੀ ਤੇ ਐਗਰੀ-ਫੂਡ। ਇਸ ਤੋਂ ਇਲਾਵਾ ਇਸ ਪ੍ਰੋਗਰਾਮ ਤਹਿਤ ਫਰੈਂਚ ਭਾਸ਼ਾ ਦੀ ਚੰਗੀ ਸਮਝ ਰੱਖਣ ਵਾਲਿਆਂ ਨੂੰ ਵੀ ਸੱਦਿਆ ਜਾ ਰਿਹਾ ਹੈ।

# ਤੇਲ ਨੀਤੀ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀਆਂ ਨੇ ਸੁਨਕ ਦੇ ਘਰ ਨੂੰ ਕਾਲੇ ਕੱਪੜੇ ਨਾਲ ਢੱਕਿਆ

ਲੰਡਨ-ਯੂ.ਕੇ. ਦੇ ਯੌਰਕਸ਼ਾਇਰ ਸ਼ਹਿਰ ਵਿਚ, ਪ੍ਰਦਰਸ਼ਨਕਾਰੀਆਂ ਨੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੇ ਘਰ ਨੂੰ 200 ਮੀਟਰ ਕਾਲੇ ਕੱਪੜੇ ਨਾਲ ਢੱਕ ਦਿੱਤਾ। ਇਸ ਦੌਰਾਨ ਉਹ ਸੁਨਕ ਦੇ ਘਰ ਦੀ ਛੱਤ 'ਤੇ ਚੜ੍ਹ ਗਏ। ਗ੍ਰੀਨ ਪੀਸ ਸੰਸਥਾ ਨਾਲ ਜੁੜੇ ਇਹ ਲੋਕ ਸਰਕਾਰ ਦੀਆਂ ਵਾਤਾਵਰਨ ਵਿਰੋਧੀ ਨੀਤੀਆਂ ਦਾ ਵਿਰੋਧ ਕਰ ਰਹੇ ਸਨ। ਖਬਰਾਂ ਮੁਤਾਬਕ ਇਸ ਦੌਰਾਨ ਪੁਲਸ ਉੱਥੇ ਮੌਜੂਦ ਸੀ। ਇਸ ਪ੍ਰਦਰਸ਼ਨ ਦੀ ਜਾਣਕਾਰੀ ਖੁਦ ਗ੍ਰੀਨ ਪੀਸ ਆਰਗੇਨਾਈਜੇਸ਼ਨ ਨੇ ਟਵਿੱਟਰ 'ਤੇ ਸਾਂਝੀ ਕੀਤੀ ਹੈ। ਇਸ 'ਚ ਉਹ ਬ੍ਰਿਟਿਸ਼ ਪ੍ਰਧਾਨ ਮੰਤਰੀ ਦੇ ਘਰ ਦੀ ਛੱਤ 'ਤੇ ਚੜ੍ਹ ਕੇ ਕੱਪੜੇ ਨਾਲ ਢੱਕਦੇ ਨਜ਼ਰ ਆ ਰਹੇ ਹਨ। ਹਾਲਾਂਕਿ ਪ੍ਰਦਰਸ਼ਨ ਦੌਰਾਨ ਪ੍ਰਧਾਨ ਮੰਤਰੀ ਸੁਨਕ ਆਪਣੇ ਘਰ ਨਹੀਂ ਸਨ। ਉਹ ਛੁੱਟੀਆਂ ਮਨਾਉਣ ਲਈ ਆਪਣੇ ਪਰਿਵਾਰ ਨਾਲ ਕੈਲੀਫੋਰਨੀਆ ਗਏ ਹੋਏ ਹਨ। 10 ਡਾਊਨਿੰਗ ਸਟ੍ਰੀਟ ਦੇ ਅਨੁਸਾਰ, ਇਹ ਚਾਰ ਸਾਲਾਂ ਵਿਚ ਉਨ੍ਹਾਂ ਦੀ ਪਹਿਲੀ ਪਰਿਵਾਰਕ ਛੁੱਟੀ ਹੈ। ਗ੍ਰੀਨ ਪੀਸ ਮੁਤਾਬਕ ਪ੍ਰਧਾਨ ਮੰਤਰੀ ਦੇ ਘਰ ਨੂੰ ਕਾਲੇ ਕੱਪੜੇ ਨਾਲ ਢੱਕਣ ਤੋਂ ਬਾਅਦ ਉਨ੍ਹਾਂ ਨੇ ਸੁਨਕ ਨੂੰ ਸਵਾਲ ਪੁੱਛਿਆ। ਉਹ ਜਾਣਨਾ ਚਾਹੁੰਦੇ ਹਨ ਕਿ ਜਲਵਾਯੂ ਪਰਿਵਰਤਨ ਵਿਰੁੱਧ ਲੜਾਈ ਵਿਚ ਉਹ ਕਿਸ ਦੇ ਪੱਖ ਵਿਚ ਹਨ। ਵੱਡੀਆਂ ਤੇਲ ਕੰਪਨੀਆਂ ਨੂੰ ਜਾਂ ਰਹਿਣ ਯੋਗ ਧਰਤੀ ਨੂੰ। ਦਰਅਸਲ, ਹਾਲ ਹੀ ਵਿੱਚ ਰਿਸ਼ੀ ਸੁਨਕ ਨੇ ਡਰਿਲਿੰਗ ਕੰਪਨੀਆਂ ਨੂੰ ਉੱਤਰੀ ਸਾਗਰ ਵਿੱਚ ਤੇਲ ਅਤੇ ਗੈਸ ਕੱਢਣ ਦੀ ਇਜਾਜ਼ਤ ਦਿੱਤੀ ਹੈ। ਇਸ ਤਹਿਤ ਸਰਕਾਰ ਨੇ ਕਈ ਸੌ ਲਾਈਸੈਂਸ ਜਾਰੀ ਕੀਤੇ ਹਨ। ਜਲਵਾਯੂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਬ੍ਰਿਟੇਨ ਸਰਕਾਰ ਦੇ ਇਸ ਕਦਮ ਦਾ ਵਿਰੋਧ ਕੀਤਾ ਹੈ। ਜਦੋਂਕਿ ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇਹ ਫੈਸਲਾ ਬੜੀ ਸੋਚ ਵਿਚਾਰ ਤੋਂ ਬਾਅਦ ਲਿਆ ਹੈ। ਇਸ ਨਾਲ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ।





# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY

## ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



**604-594-0616**

# ਕੈਨੇਡੀਅਨ ਸਿਆਸਤ 'ਤੇ ਪੈ ਸਕਦੈ ਟਰੂਡੋ ਦੇ ਤਲਾਕ ਦਾ ਅਸਰ

**ਗੁਰਮਲਕੀਅਤ ਸਿੰਘ ਕਾਹਲੋਂ**

ਵੈਨਕੂਵਰ-ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ (51) ਤੇ ਉਨ੍ਹਾਂ ਦੀ ਪਤਨੀ ਸੋਫੀ ਗ੍ਰੈਗੋਇਰ ਟਰੂਡੋ (48) ਵੱਲੋਂ ਤਲਾਕ ਲੈਣ ਦੇ ਫ਼ੈਸਲੇ ਨਾਲ ਜਸਟਿਨ ਟਰੂਡੋ ਦੇ ਪਿਤਾ ਦੀ ਪਿਰਤ ਅੱਗੇ ਤੁਰ ਪਈ



ਹੈ। ਜਾਣਕਾਰੀ ਅਨੁਸਾਰ ਬੀਤੇ ਦਿਨ ਜਸਟਿਨ ਟਰੂਡੋ ਅਤੇ ਉਨ੍ਹਾਂ ਦੀ ਪਤਨੀ ਨੇ ਇੰਸਟਾਗ੍ਰਾਮ 'ਤੇ ਪੋਸਟ ਸਾਂਝੀ ਕਰਦਿਆਂ ਅਲਹਿਦਾ ਹੋਣ ਦਾ ਐਲਾਨ ਕੀਤਾ ਸੀ, ਜਿਸ ਦੀ ਪੁਸ਼ਟੀ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਕੀਤੀ ਗਈ। ਦੋਵੇਂ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹਿਣਗੇ। ਦੋਵੇਂ 28 ਮਈ, 2005 ਨੂੰ ਵਿਆਹ ਦੇ ਬੰਧਨ 'ਚ ਬੱਝੇ ਸਨ ਅਤੇ ਜੋੜੇ ਦੇ ਤਿੰਨ ਬੱਚੇ ਹਨ। ਕੈਨੇਡਾ ਦੇ ਇਤਿਹਾਸ ਵਿੱਚ ਪ੍ਰਧਾਨ ਮੰਤਰੀ ਹੁੰਦਿਆਂ ਪਤਨੀ ਤੋਂ ਵੱਖ ਹੋਣ ਦੀ ਪਿਰਤ ਜਸਟਿਨ ਦੇ ਪਿਤਾ ਪੀਅਰੇ ਇਲੀਅਟ ਟਰੂਡੋ ਨੇ 1979 ਵਿੱਚ ਪਾਈ ਸੀ। ਉਦੋਂ ਜਸਟਿਨ ਅਜੇ ਸੱਤ ਸਾਲ ਦਾ ਸੀ। ਜਸਟਿਨ ਦੇ ਮਾਤਾ-ਪਿਤਾ ਨੇ ਪੰਜ ਸਾਲ ਵੱਖ ਵੱਖ ਰਹਿ ਕੇ 1984 ਵਿੱਚ ਤਲਾਕ ਲਿਆ। ਜਸਟਿਨ ਟਰੂਡੋ ਨੇ ਬੀਤੇ ਦਿਨ ਆਪਣੇ ਤਲਾਕ ਦਾ ਕਾਰਨ ਵਿਚਾਰਕ ਮੱਤਭੇਦ ਦਸਿਆ ਸੀ। ਜਾਣਕਾਰੀ ਅਨੁਸਾਰ ਦੋਵਾਂ ਦੇ ਬੱਚੇ ਪ੍ਰਧਾਨ ਮੰਤਰੀ ਨਿਵਾਸ ਵਿੱਚ ਰਹਿਣਗੇ ਤੇ ਸੋਫੀ ਉਨ੍ਹਾਂ ਦਾ ਪਤਾ ਲੈਂਦੀ ਰਹੇਗੀ ਅਤੇ ਜਸਟਿਨ ਟਰੂਡੋ ਦੇ ਦੌਰਿਆਂ ਮੌਕੇ ਉਹ ਬੱਚਿਆਂ ਕੋਲ ਠਹਿਰੇਗੀ। ਮਾਰਗਰੇਟ ਟਰੂਡੋ ਦੀ ਕੁੱਖੋਂ 25 ਦਸੰਬਰ, 1971 ਨੂੰ ਜਨਮੇ ਜਸਟਿਨ ਟਰੂਡੋ ਨੇ ਵਿਆਹ ਤੋਂ ਪਹਿਲਾਂ ਕੁਝ ਸਾਲ ਵੈਨਕੂਵਰ ਯੂਨੀਵਰਸਿਟੀ ਵਿੱਚ ਪੜ੍ਹਾਇਆ। ਸੋਫੀਆ ਪਹਿਲਾਂ ਮਾਡਲ ਤੇ ਟੀਵੀ ਰਿਪੋਰਟਰ ਸੀ। ਦੋਵੇਂ 2002 ਵਿੱਚ ਮਰਸਿਡੀਜ਼ ਬੈਂਜ਼ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ ਮਿਲੇ। ਕੁਝ ਮਿਲਣੀਆਂ ਮਗਰੋਂ 2005 ਵਿੱਚ ਦੋਵਾਂ ਨੇ ਵਿਆਹ ਕਰਵਾ ਲਿਆ ਅਤੇ ਮੌਂਟਰੀਅਲ ਰਹਿਣ ਲੱਗੇ। ਇੱਥੇ ਉਨ੍ਹਾਂ ਦੇ ਦੋ ਬੱਚੇ ਪੈਦਾ ਹੋਏ। ਜਸਟਿਨ ਟਰੂਡੋ 2007 ਵਿੱਚ ਸਿਆਸਤ 'ਚ ਆਏ ਤੇ ਲਬਿਰਲ ਪਾਰਟੀ ਦੇ ਉਮੀਦਵਾਰ ਵਜੋਂ ਪਹਿਲੀ ਚੋਣ ਮੌਂਟਰੀਅਲ ਹਲਕੇ ਤੋਂ 2008 ਵਿੱਚ ਜਿੱਤੀ। ਇਸ ਮਗਰੋਂ ਜਿੱਤਾਂ ਦਾ ਸਿਲਸਿਲਾ ਜਾਰੀ ਰਿਹਾ। ਉਹ 2010 ਤੋਂ ਓਟਾਵਾ ਰਹਿਣ ਲੱਗੇ। ਉਨ੍ਹਾਂ 2013 ਵਿੱਚ ਲਬਿਰਲ ਪਾਰਟੀ ਪ੍ਰਧਾਨ ਬਣ ਕੇ ਪਾਰਟੀ ਨੂੰ ਮਜ਼ਬੂਤ ਕੀਤਾ ਤੇ 2015 ਦੀ ਚੋਣ 'ਚ ਪਾਰਟੀ ਨੂੰ ਬਹੁਮਤ ਮਿਲਿਆ ਤੇ ਉਹ ਪ੍ਰਧਾਨ ਮੰਤਰੀ ਬਣ ਗਏ। ਜਸਟਿਨ ਟਰੂਡੋ ਦੀ ਪਾਰਟੀ 2019 ਦੀਆਂ ਚੋਣਾਂ ਵਿੱਚ ਬਹੁਮਤ ਤੋਂ ਥੋੜਾ ਪੱਛੜ ਗਈ ਤੇ ਫਿਰ 2021 ਦੀਆਂ ਮੱਧਕਾਲੀ ਚੋਣਾਂ ਵਿੱਚ ਵੀ ਪਹਿਲਾਂ ਵਾਲਾ ਅੰਕੜਾ ਬਰਕਰਾਰ ਰਿਹਾ, ਜਿਸ ਕਾਰਨ ਉਨ੍ਹਾਂ ਦੀ ਸਰਕਾਰ ਐੱਨਡੀਪੀ ਦੇ ਬਾਹਰੀ ਸਹਿਯੋਗ 'ਤੇ ਟਿਕੀ ਹੋਈ ਹੈ। ਸਿਆਸੀ ਮਾਹਿਰ ਅਗਲੇ ਦਿਨਾਂ ਵਿੱਚ ਕੈਨੇਡੀਅਨ ਸਿਆਸਤ 'ਚ ਉਤਰਾਅ-ਚੜ੍ਹਾਅ ਦੀ ਪੇਸ਼ੀਨਗੋਈ ਕਰ ਰਹੇ ਹਨ।



# ਪ੍ਰਧਾਨ ਮੰਤਰੀ ਟਰੂਡੋ ਤੇ ਪਤਨੀ ਵਲੋਂ ਇਕ ਦੂਸਰੇ ਤੋਂ ਵੱਖ ਹੋਣ ਦਾ ਐਲਾਨ

ਸਫ਼ਾ 1 ਦੀ ਬਾਕੀ

ਕਿ ਇਸ ਜੋੜੇ ਨੇ ਕਾਨੂੰਨੀ ਤੌਰ ਉੱਤੇ ਵੱਖ ਹੋਣ ਵਾਲੇ ਸਮਝੌਤੇ 'ਤੇ ਦਸਤਖਤ ਕੀਤੇ ਹਨ। ਇਹ ਵੀ ਪਤਾ ਲੱਗਿਆ ਹੈ ਕਿ ਟਰੂਡੋ ਤੇ ਸੋਫੀ ਨੇ ਬੱਚਿਆਂ ਨੂੰ ਰਲ ਕੇ ਪਾਲਣ ਦਾ ਫ਼ੈਸਲਾ ਕੀਤਾ ਹੈ ਤੇ ਅਕਸਰ ਇਹ ਪਰਿਵਾਰ ਇਕੱਠਾ ਦਿਸਿਆ ਕਰੇਗਾ। ਅਗਲੇ ਹਫਤੇ ਤੋਂ ਹੀ ਸਾਰੇ ਛੁੱਟੀਆਂ ਮਨਾਉਣ ਲਈ ਇੱਕਠੇ ਜਾ ਰਹੇ ਹਨ ਪਰ ਅਜੇ ਜਗ੍ਹਾ ਬਾਰੇ ਜਾਣਕਾਰੀ ਨਹੀਂ ਦਿੱਤੀ ਗਈ। ਪਿੱਛੇ ਜਿਹੇ ਇਹ ਪਰਿਵਾਰ ਮੌਂਟੈਨਾ ਤੇ ਜਮਾਇਕਾ ਵਿੱਚ ਛੁੱਟੀਆਂ ਮਨਾ ਕੇ ਆਇਆ ਸੀ। ਟਰੂਡੋ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਹ ਪਰਿਵਾਰ ਓਟਵਾ ਵਿੱਚ ਰੀਡੋ ਹਾਲ ਵਿੱਚ ਰੀਡੋ ਕਾਟੇਜ ਵਿੱਚ ਰਹਿੰਦਾ ਰਿਹਾ ਹੈ। ਟਰੂਡੋ ਕੋਲ ਗੈਟੀਨਿਊ, ਕਿਊਬਿਕ ਵਿੱਚ ਹੈਰਿਗਟਨ ਲੇਕ ਉੱਤੇ ਵੀ ਕਾਟੇਜ ਹੈ।



ਜਾਣਕਾਰ ਸੂਤਰ ਵੱਲੋਂ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਗਿਆ ਹੈ ਕਿ ਸੋਫੀ ਅਜੇ ਵੀ ਬਹੁਤਾ ਸਮਾਂ ਰਿਡੋ ਕਾਟੇਜ ਵਿੱਚ ਹੀ ਬਿਤਾਏਗੀ ਪਰ ਉਸ ਨੇ ਆਪਣੇ ਖਰਚੇ ਉੱਤੇ ਨੇੜੇ ਹੀ ਨਿੱਜੀ ਰਿਹਾਇਸ਼ 'ਤੇ ਰਹਿਣ ਦਾ ਪ੍ਰਬੰਧ ਵੀ ਕਰ ਲਿਆ ਹੈ। ਸੂਤਰ ਨੇ ਇਹ ਵੀ ਆਖਿਆ ਕਿ ਇਹ ਦੋਵੇਂ ਵੱਖ ਹੋ ਰਹੇ ਹਨ ਤਲਾਕ ਨਹੀਂ ਲੈ ਰਹੇ। ਇਸ ਲਈ ਦੋਵਾਂ ਵੱਲੋਂ ਬੱਚਿਆਂ ਨੂੰ ਰਲ ਕੇ ਪਾਲਣ ਦਾ ਫੈਸਲਾ ਕੀਤਾ ਗਿਆ ਹੈ ਪਰ ਹੁਣ ਵੱਡੀ ਤਬਦੀਲੀ ਇਹ ਹੋਵੇਗੀ ਕਿ ਸੋਫੀ ਨੂੰ ਪ੍ਰਧਾਨ ਮੰਤਰੀ ਦੀ ਪਤਨੀ ਵਜੋਂ ਕੈਨੇਡਾ ਸਰਕਾਰ ਦੀ ਨੁਮਾਇੰਦਗੀ ਕਰਨ ਦਾ ਮੌਕਾ ਨਹੀਂ ਮਿਲੇਗਾ। ਉਸ ਨੂੰ ਪ੍ਰਧਾਨ ਮੰਤਰੀ ਦੀ ਪਤਨੀ ਵਜੋਂ ਮਾਨਤਾ ਨਹੀਂ ਦਿੱਤੀ ਜਾਵੇਗੀ। ਨਾ ਹੀ ਉਹ ਪ੍ਰਧਾਨ ਮੰਤਰੀ ਦੀ ਪਤਨੀ ਦੀ ਹੈਸੀਅਤ ਨਾਲ ਕਿਸੇ ਸਮਾਗਮ ਵਿਚ ਸ਼ਾਮਿਲ ਹੋ ਸਕਦੀ ਹੈ।


WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

Your Lawyers,
Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਲਾਹੌਰ ਵਿਖੇ ਜੱਸਾ ਸਿੰਘ ਰਾਮਗੜ੍ਹੀਆ ਦੇ 300ਵੇਂ ਜਨਮ ਦਿਨ ਨੂੰ ਸਮਰਪਿਤ ਸਮਾਗਮ

## ਸ਼ਾਹਮੁਖੀ ਵਿਚ ਪ੍ਰਕਾਸ਼ਿਤ 'ਸਰਦਾਰ ਜੱਸਾ ਸਿੰਘ ਰਾਮਗੜ੍ਹੀਆ' ਪੁਸਤਕ ਰਿਲੀਜ਼

ਸਰੀ (ਹਰਦਮ ਮਾਨ)-ਬੀਤੇ ਐਤਵਾਰ ਲਾਹੌਰ ਵਿਖੇ ਹਰਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਅਤੇ ਸਰਦਾਰ ਜੈਤੇਗ ਸਿੰਘ ਅਨੰਤ ਦੇ ਸਹਿਯੋਗ ਮਹਾਨ ਸਿੱਖ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300ਵੇਂ ਜਨਮ ਦਿਨ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਥਾਪ ਵੱਲੋਂ ਅਦਬੀ ਬੈਠਕ ਪੰਜਾਬੀ ਕੰਪਲੈਕਸ ਵਿਚ ਕਰਵਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬ ਯੂਨੀਵਰਸਿਟੀ ਤੋਂ ਡਾ: ਨਵੀਦ ਸ਼ਹਿਜ਼ਾਦ ਨੇ ਕੀਤੀ ਅਤੇ ਡਾ: ਨਬੀਲਾ ਰਹਿਮਾਨ ਅਤੇ ਡਾ: ਮਹਿਬੂਬ ਹੁਸੈਨ ਮੁੱਖ ਮਹਿਮਾਨ ਸਨ। ਸਰਕਾਰ ਇਸਲਾਮੀਆ ਕਾਲਜ ਰੇਲਵੇ ਰੋਡ ਦੇ ਪ੍ਰਿੰਸੀਪਲ ਪ੍ਰੋ: ਇਬਾਦ ਨਬੀਲ ਸ਼ਾਦ ਨੇ ਸਮਾਗਮ ਦੀ ਮੇਜ਼ਬਾਨੀ ਕੀਤੀ। ਸਮਾਗਮ ਵਿੱਚ ਉੱਘੇ ਪੰਜਾਬੀ ਵਿਦਵਾਨਾਂ, ਸਿੱਖਿਆ ਸ਼ਾਸਤਰੀਆਂ ਅਤੇ ਵੱਖ-ਵੱਖ ਖੇਤਰਾਂ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸ਼ਾਹਮੁਖੀ ਵਿਚ ਪ੍ਰਕਾਸ਼ਿਤ "ਸਰਦਾਰ ਜੱਸਾ ਸਿੰਘ ਰਾਮਗੜ੍ਹੀਆ" ਪੁਸਤਕ ਰਿਲੀਜ਼ ਕੀਤੀ ਗਈ। ਇਹ ਪੁਸਤਕ ਮੂਲ ਰੂਪ ਵਿੱਚ ਪ੍ਰਸਿੱਧ ਪੰਜਾਬੀ ਵਿਦਵਾਨ ਪ੍ਰੋ: ਪ੍ਰਿਥੀਪਾਲ ਸਿੰਘ ਕਪੂਰ ਦੁਆਰਾ ਗੁਰਮੁਖੀ ਵਿੱਚ ਲਿਖੀ ਗਈ ਹੈ ਅਤੇ ਪ੍ਰੋ: ਆਸ਼ਿਕ ਰਾਹੀਲ ਨੇ ਪਾਕਿਸਤਾਨੀ ਪਾਠਕਾਂ ਲਈ ਸ਼ਾਹਮੁਖੀ ਵਿੱਚ ਇਸ ਦਾ ਅਨੁਵਾਦ ਕੀਤਾ ਹੈ। ਪੁਸਤਕ ਉਪਰ ਵਿਚਾਰ ਪ੍ਰਗਟ ਕਰਦਿਆਂ ਬੁਲਾਰਿਆਂ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਦੇ ਅਹਿਮ ਪਹਿਲੂਆਂ ਬਾਰੇ ਚਰਚਾ ਕੀਤੀ। ਸਮਾਗਮ ਦੀ ਸ਼ੁਰੂਆਤ ਖੋਜ ਪੱਤਰ ਦੀ ਪੇਸ਼ਕਾਰੀ ਨਾਲ ਹੋਈ। ਉੱਘੇ ਖੋਜਕਾਰ ਇਕਬਾਲ ਕੈਸਰ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਹਮਲਾਵਰਾਂ ਦੇ ਸਾਹਮਣੇ ਉਨ੍ਹਾਂ ਦੀ ਬਹਾਦਰੀ ਲਈ ਸ਼ਰਧਾਂਜਲੀ ਭੇਟ ਕੀਤੀ ਅਤੇ ਬਾਬਾ ਬੁੱਲ੍ਹੇ ਸ਼ਾਹ ਦੇ ਲੋਕ ਕਾਵਿ ਦੇ ਹਵਾਲੇ ਨਾਲ ਉਨ੍ਹਾਂ ਦੀ ਸ਼ਖਸੀਅਤ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ ਨੂੰ ਉਜਾਗਰ ਕੀਤਾ। ਪ੍ਰੋ: ਅਖਤਰ ਹੁਸੈਨ ਸੰਧੂ ਨੇ ਮਹਾਨ ਸਿੱਖ ਸ਼ਾਸਕ ਦੇ ਸ਼ਖਸੀਅਤ ਦੇ ਗੁਣਾਂ ਬਾਰੇ ਗੱਲ ਕੀਤੀ। ਉਨ੍ਹਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ, ਵਿਚਾਰਧਾਰਾ, ਸਹਿਣਸ਼ੀਲਤਾ ਅਤੇ ਧਾਰਮਿਕ ਹੱਦਾਂ ਤੋਂ ਪਾਰ ਮਨੁੱਖਤਾ ਨਾਲ ਪਿਆਰ ਦੀਆਂ ਦਿਲਚਸਪ ਘਟਨਾਵਾਂ ਨੂੰ ਬਿਆਨ ਕੀਤਾ। ਡਾ: ਨਬੀਲਾ ਰਹਿਮਾਨ ਨੇ ਕਿਹਾ ਕਿ ਇਹ ਪੁਸਤਕ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਉਨ੍ਹਾਂ ਦੇ ਜੀਵਨ, ਸੰਘਰਸ਼ ਅਤੇ ਉਸ ਦੌਰ ਦੇ ਮਹੱਤਵਪੂਰਨ ਮੁਕਾਮਾਂ ਨੂੰ ਉਜਾਗਰ ਕਰਕੇ ਉਨ੍ਹਾਂ ਨੂੰ ਢੁੱਕਵੀਂ ਸ਼ਰਧਾਂਜਲੀ ਪੇਸ਼ ਕਰਦੀ ਹੈ, ਜਿਨ੍ਹਾਂ ਨੂੰ ਇਤਿਹਾਸ ਵਿੱਚ ਵਿਸਾਰਿਆ ਜਾ ਰਿਹਾ ਸੀ। ਉਨ੍ਹਾਂ ਸ਼ਾਹਮੁਖੀ ਵਿੱਚ ਇਹ ਪੁਸਤਕ ਪ੍ਰਕਾਸ਼ਿਤ ਕਰਨ ਲਈ ਜੈਤੇਗ ਸਿੰਘ ਅਨੰਤ ਦੀ ਮਿਹਨਤ ਅਤੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰੋਫ਼ੈਸਰ ਸਾਜਿਦਾ ਹੈਦਰ ਵਾਂਦਲ ਨੇ ਖੋਜਕਾਰਾਂ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਤੋਂ ਇਲਾਵਾ ਯੋਧੇ ਜਰਨੈਲ ਹੋਣ 'ਤੇ ਹੋਰ ਚਾਨਣਾ ਪਾਉਣ ਲਈ ਕਿਹਾ। ਖੋਜਕਰਤਾਵਾਂ ਨੂੰ ਉਨ੍ਹਾਂ ਦੇ ਜੀਵਨ ਦੇ ਹੋਰ ਪਹਿਲੂਆਂ ਜਿਵੇਂ ਕਿ ਉਸਦੀ ਆਰਕੀਟੈਕਚਰ ਦੀ ਸ਼ੈਲੀ, ਕਲਾ ਦੀ ਸਰਪ੍ਰਸਤੀ, ਅਤੇ ਦਾਰਸ਼ਨਿਕਤਾ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ, ਪ੍ਰੋ: ਪਰਵੇਜ਼ ਵਾਂਦਲ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਜਰਨੈਲ ਅਤੇ ਆਧੁਨਿਕ ਲਾਹੌਰ ਦੇ ਆਰਕੀਟੈਕਟ ਭਾਈ ਰਾਮ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨਾ ਅਤੇ ਇਸ ਦੇ ਸ਼ਾਨਦਾਰ ਸੱਭਿਆਚਾਰ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਇਸ ਸਬੰਧੀ ਠੋਸ ਉਪਰਾਲੇ ਕਰਨੇ ਸਮੇਂ ਦੀ ਲੋੜ ਹੈ। ਸਮਾਗਮ ਦੇ ਦੂਜੇ ਮੁੱਖ ਮਹਿਮਾਨ ਡਾ: ਮਹਿਬੂਬ ਹੁਸੈਨ ਨੇ ਪੁਸਤਕ ਵਿੱਚ ਪੇਸ਼ ਵੱਖ-ਵੱਖ




ਇਤਿਹਾਸਕ ਹਵਾਲਿਆਂ ਬਾਰੇ ਚਰਚਾ ਕੀਤੀ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਦਿਲੋਂ ਸ਼ਰਧਾਂਜਲੀ ਭੇਟ ਕੀਤੀ। ਸਮਾਗਮ ਦੇ ਪ੍ਰਧਾਨ ਡਾ: ਨਵੀਦ ਸ਼ਹਿਜ਼ਾਦ ਨੇ ਲੇਖਕ ਪ੍ਰੋ: ਪ੍ਰਿਥੀਪਾਲ ਸਿੰਘ ਕਪੂਰ ਨੂੰ ਉਨ੍ਹਾਂ ਦੀ ਡੂੰਘਾਈ ਨਾਲ ਖੋਜ ਕਰਨ ਦਾ ਸਿਹਰਾ ਦਿੰਦੇ ਹੋਏ ਪੁਸਤਕ ਦੇ ਵੇਰਵਿਆਂ ਦੀ ਸ਼ੁੱਧਤਾ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਸੱਚ ਲਿਖਣਾ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਅਤੇ ਇਸ ਪ੍ਰੀਖਿਆ ਵਿੱਚ ਇਹ ਪੁਸਤਕ ਸਫ਼ਲਤਾ ਹਾਸਿਲ ਕਰਦੀ ਹੈ। ਸਮਾਗਮ ਦੇ ਅਖੀਰ ਵਿਚ ਹਰਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤਕ ਰਚਨਾਵਾਂ ਦੀ ਪ੍ਰਫੁੱਲਤਾ ਲਈ ਕਾਰਜਸ਼ੀਲ ਪ੍ਰੋ: ਆਸ਼ਿਕ ਰਾਹੀਲ ਅਤੇ ਇਕਬਾਲ ਕੈਸਰ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ ਅਤੇ ਆਪਣੇ-ਆਪਣੇ ਖੇਤਰਾਂ ਵਿੱਚ ਮਹੱਤਵਪੂਰਨ ਕਾਰਜਾਂ ਲਈ ਪ੍ਰੋਫੈਸਰ ਅਖਤਰ ਹੁਸੈਨ ਸੰਧੂ ਅਤੇ ਕਾਸਿਮ ਅਲੀ ਨੂੰ ਯਾਦਗਾਰੀ ਪੁਰਸਕਾਰ ਪ੍ਰਦਾਨ ਕੀਤੇ ਗਏ। ਇਸ ਮੌਕੇ ਮੇਜ਼ਬਾਨ ਡਾ: ਇਬਾਦ ਨੇ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਲੋਕ ਸੰਪਰਕ ਅਫ਼ਸਰ ਸੁਰਿੰਦਰ ਸਿੰਘ ਜੱਬਲ ਦੀ ਤਰਫ਼ੋਂ ਐਲਾਨ ਕੀਤਾ ਕਿ ਸਰਦਾਰ ਜੱਸਾ ਸਿੰਘ 'ਤੇ ਐਮ.ਫਿਲ ਜਾਂ ਪੀ.ਐਚ.ਡੀ. ਦੀ ਡਿਗਰੀ ਪੂਰੀ ਕਰਨ ਵਾਲੇ ਇਕ ਪਾਕਿਸਤਾਨੀ ਵਿਦਿਆਰਥੀ ਨੂੰ 3 ਲੱਖ ਰੁਪਏ ਦਿੱਤੇ ਜਾਣਗੇ ਅਤੇ ਖੋਜ ਥੀਸਿਸ ਦੇ ਨਿਗਰਾਨ ਨੂੰ ਵੀ 50 ਹਜ਼ਾਰ ਰੁਪਏ ਦਿੱਤੇ ਜਾਣਗੇ।

## 54 ਗ੍ਰਾਮ ਹੈਰੋਇਨ ਰੱਖਣ ਦੇ ਦੋਸ਼ 'ਚ ਸਿੰਗਾਪੁਰ ਵਿਚ ਨੌਜਵਾਨ ਨੂੰ ਮੌਤ ਦੀ ਸਜ਼ਾ

ਸਿੰਗਾਪੁਰ-ਸਿੰਗਾਪੁਰ ਨੇ ਅੰਤਰਰਾਸ਼ਟਰੀ ਵਿਰੋਧ ਦੇ ਬਾਵਜੂਦ ਇੱਕ ਹਫ਼ਤੇ ਦੇ ਅੰਦਰ 3 ਲੋਕਾਂ ਨੂੰ ਫਾਂਸੀ ਦੇ ਦਿੱਤੀ ਹੈ। ਵੀਰਵਾਰ ਨੂੰ ਸਿੰਗਾਪੁਰ ਸਰਕਾਰ ਨੇ 39 ਸਾਲਾ ਨੌਜਵਾਨ ਮੁਹੰਮਦ ਸਾਲੇਹ ਅਬਦੁਲ ਲਤੀਫ ਨੂੰ ਫਾਂਸੀ ਦੇ ਦਿੱਤੀ। ਇਸ ਤੋਂ 2019 ਵਿੱਚ 54 ਗ੍ਰਾਮ ਹੈਰੋਇਨ ਜ਼ਬਤ ਕੀਤੀ ਗਈ ਸੀ। ਜਾਣਕਾਰੀ ਅਨੁਸਾਰ ਇਸ ਹੈਰੋਇਨ ਨਾਲ 600 ਲੋਕਾਂ ਤੱਕ ਨਸ਼ਾ ਪਹੁੰਚ ਸਕਦਾ ਸੀ। ਮੁਕੱਦਮੇ ਦੌਰਾਨ ਅਬਦੁਲ ਲਤੀਫ਼ ਨੇ ਦਲੀਲ ਦਿੱਤੀ ਕਿ ਉਸ ਨੂੰ ਇਸ ਹੈਰੋਇਨ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਸ ਨੇ ਆਪਣਾ ਕਰਜ਼ਾ ਚੁਕਾਉਣ ਲਈ ਸਾਮਾਨ ਆਪਣੇ ਇਕ ਦੋਸਤ ਨੂੰ ਪਹੁੰਚਾਇਆ ਸੀ। ਉਸ ਨੂੰ ਨਹੀਂ ਪਤਾ ਸੀ ਕਿ ਇਹ ਹੈਰੋਇਨ ਹੈ। ਹਾਲਾਂਕਿ ਅਦਾਲਤ ਨੇ ਇਸ ਦਲੀਲ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਜੱਜ ਨੇ ਕਿਹਾ ਕਿ ਅਬਦੁਲ ਲਤੀਫ ਆਪਣੇ ਦੋਸਤ ਦੇ ਇਨੇ ਕਰੀਬ ਨਹੀਂ ਸਨ ਕਿ ਉਹ ਉਸ 'ਤੇ ਇਨੀ ਆਸਾਨੀ ਨਾਲ ਭਰੋਸਾ ਕਰ ਲੈਂਦੇ। ਸਜ਼ਾ ਸੁਣਾਉਂਦੇ ਸਮੇਂ ਸਿੰਗਾਪੁਰ ਦੀ ਅਦਾਲਤ ਨੇ ਮੰਨਿਆ ਕਿ ਅਬਦੁਲ ਲਤੀਫ ਨੇ ਹੀ ਹੈਰੋਇਨ ਦੀ ਡਿਲੀਵਰੀ ਕੀਤੀ ਸੀ। ਉਹ ਕਿਸੇ ਡਰੱਗ ਰੈਕੇਟ ਨਾਲ ਜੁੜਿਆ ਨਹੀਂ ਸੀ। ਇਸ ਦੇ ਬਾਵਜੂਦ ਉਸ ਨੂੰ ਇੰਨੀ ਸਖ਼ਤ ਸਜ਼ਾ ਸੁਣਾਈ ਗਈ। ਦਰਅਸਲ, ਸਿੰਗਾਪੁਰ ਦੇ ਕਾਨੂੰਨ ਦੇ ਤਹਿਤ, ਜੇਕਰ ਕੋਈ ਵਿਅਕਤੀ 500 ਗ੍ਰਾਮ ਤੋਂ ਵੱਧ ਗਾਂਜੇ ਜਾਂ 15 ਗ੍ਰਾਮ ਤੋਂ ਵੱਧ ਹੈਰੋਇਨ ਦੀ ਤਸਕਰੀ ਕਰਦਾ ਪਾਇਆ ਜਾਂਦਾ ਹੈ, ਤਾਂ ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ।




# ਬੰਬੇ ਬੈਂਕੁਇਟ ਹਾਲ 'ਚ ਗਾਇਕ ਜੀ.ਐਸ. ਪੀਟਰ ਨੇ ਸਜਾਈ ਸੁਰੀਲੀ ਸ਼ਾਮ

ਸਰੀ (ਹਰਦਮ ਮਾਨ)-ਬੰਬੇ ਬੈਂਕੁਇਟ ਹਾਲ ਸਰੀ ਦੇ ਮਾਲਕ ਪਾਲ ਬਰਾੜ ਅਤੇ ਗੈਰੀ ਬਰਾੜ ਵੱਲੋਂ ਪੰਜਾਬ ਤੋਂ ਆਏ ਸੰਜੀਦਾ ਗਾਇਕ ਜੀ ਐਸ ਪੀਟਰ ਨਾਲ ਬੈਂਕੁਇਟ ਹਾਲ ਵਿਚ ਸੁਰੀਲੀ ਸ਼ਾਮ ਮਨਾਈ ਗਈ। ਇਸ ਸ਼ਾਮ ਵਿਚ ਸ਼ਾਮਲ ਹੋ ਕੇ ਸਰੀ ਦੀਆਂ ਕਈ ਉੱਘੀਆਂ ਸ਼ਖ਼ਸੀਅਤਾਂ ਨੇ ਨਾਮਵਰ ਸ਼ਾਇਰ ਸੁਰਜੀਤ ਪਾਤਰ, ਸ਼ਿਵ ਕੁਮਾਰ ਬਟਾਲਵੀ, ਵਾਰਿਸ ਸ਼ਾਹ ਅਤੇ ਹੋਰ ਕਈ ਕਵੀਆਂ ਦੇ ਗੀਤਾਂ, ਗ਼ਜ਼ਲਾਂ ਦਾ ਆਨੰਦ ਮਾਣਿਆ। ਉੱਘੇ ਸ਼ਾਇਰ ਮੋਹਨ ਗਿੱਲ ਨੇ ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਸਭ ਨੂੰ ਜੀ ਆਇਆਂ ਆਖਿਆ ਅਤੇ ਗਾਇਕ ਜੀ ਐਸ ਪੀਟਰ ਬਾਰੇ ਸੰਖੇਪ ਜਾਣ ਪਛਾਣ ਕਰਵਾਈ। ਜੀ ਐਸ ਪੀਟਰ ਨੇ ਸੁਰਜੀਤ ਪਾਤਰ ਦੀ ਗ਼ਜ਼ਲ 'ਅਸਾਡੀ ਤੁਹਾਡੀ ਮੁਲਾਕਾਤ ਹੋਈ...' ਸੁਰੀਲੀ ਆਵਾਜ਼ ਵਿਚ ਪੇਸ਼ ਕਰਕੇ ਖੂਬਸੂਰਤ ਸ਼ਾਮ ਵਿਚ ਪਹੁੰਚੇ ਦੋਸਤਾਂ ਤੀਕ ਆਪਣਾ ਸਿਨੇਹ ਪ੍ਰਗਟ ਕੀਤਾ। ਉਪਰੰਤ ਇਕ ਤੋਂ ਬਾਅਦ ਇਕ 'ਮੈਨੂੰ ਉਮਰਾਂ ਦੀ ਕੈਦ ਕਰਾ ਗਈ ਤੇਰੀ ਚੁੱਪ', 'ਮੈਂ ਤੇਰੇ ਦਰਦ ਨੂੰ ਤੇਰੀ ਕਿਤਾਬ ਤੱਕ ਦੇਖਾਂ, ਤੇ ਉਸ ਕਿਤਾਬ ਨੂੰ ਫਿਰ ਇਨਕਲਾਬ ਤੱਕ ਦੇਖਾਂ', 'ਤੂੰ ਅੱਜ ਵੀ ਚੇਤੇ ਆਉਣੀ ਏਂ', 'ਕਹੀਂ ਦੂਰ ਜਬ ਦਿਨ ਢਲ ਜਾਏ...', 'ਮੈਂ ਸੁਣਾਂ ਜੇ ਰਾਤ ਖਾਮੋਸ਼ ਨੂੰ ਮੇਰੇ ਦਿਲ 'ਚ ਕੋਈ ਦੁਆ ਕਰੇਂ', 'ਭੁੱਲਿਆ ਨਹੀਂ ਜਾਂਦਾ ਤੇਰਾ ਪਿਆਰ ਸੱਜਣਾ', 'ਹੀਰ ਆਖਦੀ ਜੋਗੀਆ ਝੂਠ ਬੋਲੇਂ', 'ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾ ਵਿਚ...', 'ਵੋ ਕਾ ਫਿਰੇ ਕਿ ਨਜ਼ਰ ਫਿਰ ਗਈ ਜ਼ਮਾਨੇ ਕੀ', 'ਏਦਾਂ ਨਹੀਂ ਕਰੀਦਾ...' ਗੀਤਾਂ, ਗ਼ਜ਼ਲਾਂ ਨੂੰ ਸੁਰੀਲੀ ਸੁਰ, ਸੰਗੀਤ ਨਾਲ ਸਮੁੱਚੀ ਮਹਿਫ਼ਿਲ ਦੀ ਵਾਹ ਵਾਹ ਲੁੱਟੀ। ਅੰਗਰੇਜ਼ ਬਰਾੜ ਨੇ ਪੰਜਾਬੀ ਬੋਲੀਆਂ ਦਾ ਆਪਣਾ ਨਿਵੇਕਲਾ ਰੰਗ ਪੇਸ਼ ਕੀਤਾ। ਅੰਤ ਵਿਚ ਪਾਲ ਬਰਾੜ ਨੇ ਗਾਇਕ ਜੀ ਐਸ ਪੀਟਰ ਅਤੇ ਮਹਿਫ਼ਿਲ ਵਿਚ ਹਾਜ਼ਰ ਸਭਨਾਂ ਦੋਸਤਾਂ ਦਾ ਧੰਨਵਾਦ ਕੀਤਾ। ਇਸ ਸੁਰੀਲੀ ਸ਼ਾਮ ਵਿਚ ਹੋਰਨਾਂ ਤੋਂ ਇਲਾਵਾ ਡਾ. ਹਾਕਮ ਸਿਘ ਭੁੱਲਰ, ਪਾਲ ਢਿੱਲੋਂ, ਸੋਨੀ ਸਿੱਧੂ, ਪ੍ਰੀਤਮ ਗਰੇਵਾਲ, ਹੈਪੀ ਦਿਓਲ, ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਰਾਜਵੰਤ ਰਾਜ, ਦਵਿੰਦਰ ਗੌਤਮ ਅਤੇ ਹਰਦਮ ਮਾਨ ਸ਼ਾਮਲ ਸਨ। ਮਹਿਫ਼ਿਲ ਦਾ ਸੰਚਾਲਨ ਸ਼ਾਇਰ ਮੋਹਨ ਗਿੱਲ ਨੇ ਕੀਤਾ। ਬੰਬੇ ਬੈਂਕੁਇਟ ਹਾਲ ਵੱਲੋਂ ਗਾਇਕ ਜੀ ਐਸ ਪੀਟਰ ਦਾ ਮਾਣ ਸਨਮਾਨ ਵੀ ਕੀਤਾ ਗਿਆ।








## Buying Your Home?

**Need a Quick Approval for Pre-Sale of Condo?**

Ranked One of The "TOP MORTGAGE BROKERS" in Canada

2022 TOP 75 BROKERS CMP

plus **BONUS** FREE LEGAL FEE & APPRAISAL



Superior Mortgage
Unit 244-8138-128 Street, Surrey
604 507 1000
Our Symbol of Care & Service

## EVERSHINE FAMILY DENTISTRY

"Healthy beautiful Smiles"

Fillings, Extractions, Deep Cleaning, Crown and Bridge, Root Canals, Digital X-Rays

Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515



Dr. Anjanpal Kaur Bhalla

## OASIS WINDOWS INC.

* Quality Products * Superior Service.

Attractive, Energy Efficient And Quality Windows For Your Dream Home Or Housing Projects Or For Renovation

ENERGY STAR · MEMBER BBB BC Mainland

• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES

Lifetime Limited Warranty



"We are not satisfied until you are"

Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

## TPSG

IMMIGRATION CONSULTANCY INC.

**STUDY & WORK IN CANADA**

*We Provide All Kinds Of Immigration Services*

- LMIA • PNP
- Express Entry
- Student Visa
- Study Permit
- Work Permit
- Visitor Visa
- Family Sponsorship
- Super Visa
- Permanent Resident
- Citizenship

MOVED TO NEW LOCATION

- ਐਲ.ਐਮ ਆਈ ਏ
- ਪੀ.ਐਨ.ਪੀ
- ਐਕਸਪ੍ਰੈਸ ਐਂਟਰੀ
- ਫੈਮਲੀ ਸਪਾਂਸਰਸ਼ਿਪ
- ਵਿਜ਼ਟਰ ਵੀਜ਼ਾ
- ਸੱਟਡੀ ਪਰਮਿਟ
- ਵਰਕ ਪਰਮਿਟ
- ਸੁਪਰ ਵੀਜ਼ਾ
- ਪੀ.ਆਰ
- ਸਿਟੀਜ਼ਨਸ਼ਿਪ

ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)




Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9

Meet the best in our team of specialist and let help you get to where you want to go.

TEJINDER GREWAL: 604-837-3101

rcic · cric
License No. 562


CROWN
FUNDING
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARRY KHOSA
Mortgage Consultant
harpreetfunding@gmail.com
@harpreetfunding
@HARPREETFUNDING
Refer someone to us and get referral fee
Ph: 778.558.9745


Broadcasting Across North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar By: Dupinder K Saran 6:00-7:00 AM
The Jaskaran Show 7:00-10:00 AM
Parmvir S Baath 9:00-10:00 AM
The Baljinder K Show 10:00 AM-12:00 PM
Sanjhe Vichaar By Amrit Bhatti 12:00-2:00 PM
The Lovey Pannu Show 2:00-4:00 PM
Mehak Punjab Di By Preet Goswami 4:00-5:00 PM
The Paul Brar Show 5:00-8:00 PM
Nazaria By Arashdeep Singh 8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab Official App from:
Google play
Download on the App Store
WEEKENDS
Sakatar S. Sandhu Seattle
Kamal Aujla 8am -10 am
Harsharan Dhaliwal 10-12 pm
Dr Jass Malkeet 12-2 pm sundays
Parmeet Kaur 2-4 pm
Neema Manral 4-6 pm
Angrej Singh Brar 12-2 pm Saturdays
Amarjit S. Sidhu 6-9 pm
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


MJM
FURNITURE
Long Weekend
Special Sale
up to 70% OFF
This weekend only
Lots of Design
Best Quality
Best Price
Expressing Your Interior World
Finance Available O.A.C
Quality Furniture for Your Home.
Come visit our showroom. Over 34,000 sq ft of quality Fine Furniture
THREE LOCATIONS TO SERVE YOU
604-596-9901
13570 - 77th Ave., Surrey, BC
604-522-1388
#2, 1315 United Boulevard, Coquitlam BC
3057 grandview hwy vancouver,
604-454-1191




# ਘਰ ਬੈਠੇ ਬਣਾਓ ਜਲ ਜੀਰਾ



**ਭਿੱਜੀ ਇਮਲੀ**—ਇਕ ਚਮਚ ਸਖ਼ਤ ਪੈਕ ਕੀਤੀ ਇਮਲੀ 1/4 ਗ੍ਰਾਮ ਗਰਮ ਪਾਣੀ ਵਿਚ 20 ਮਿੰਟ ਲਈ ਭਿਉਂ ਦਿਉ।

**ਜਲ ਜੀਰਾ ਚਟਨੀ ਬਣਾਉਣਾ**—1/3 ਕੱਪ ਖੁੱਲ੍ਹੇ ਤਾਜ਼ਾ ਬੱਝੇ ਪੁਦੀਨੇ ਦੀਆਂ ਵਧੀਆ ਢੰਗ ਨਾਲ ਧੋਤੀਆਂ ਪੱਤੀਆਂ ਨੂੰ ਇਕ ਛੋਟੇ ਗ੍ਰੈਂਡਰ ਜਾਰ ਵਿਚ ਪਾ ਲਓ। ਸਿਰਫ਼ ਪਦੀਨੇ ਦੇ ਪੱਤੇ ਹੀ ਵਰਤੋ। ਸਟੈਮਜ਼ ਵਿਚ ਨਾ ਮਿਲਾ ?, ਕਿਉਂਕਿ ਜਲ ਜੀਰਾ ਕੌੜਾ ਹੋ ਸਕਦਾ ਹੈ। ਹੁਣ ਪੀਸੇ ਹੋਏ ਪੁਦੀਨੇ ਵਿਚ ਭਿੱਜੀ ਹੋਈ ਇਮਲੀ ਦਾ ਪਾਣੀ ਮਿਲਾ ਦਿਓ ਇਹ ਦੇਖ ਲਵੋ ਕਿ ਇਮਲੀ ਦੇ ਬੀਜ ਵਿਚ ਨਾ ਹੋਣ।

**ਇਸ ਤੋਂ ਬਾਅਦ ਹੇਠ ਲਿਖੇ ਮਸਾਲੇ ਵਿਚ ਰਲਾ ਦਿਉ**:-1.5 ਚਮਚ ਜੀਰੇ ਦੇ ਬੀਜ, ਇਕ ਚਮਚ ਫੈਨਿਲ, ਅੱਧਾ ਚਮਚ ਕਾਲੀ ਮਿਰਚ, ਇਕ ਮੋਟੀ ਕਾਲੀ ਇਲਾਇਚੀ ਦੇ ਕੱਢੇ ਬੀਜ ਥੋੜ੍ਹੇ ਜਿਹੇ ਰਗੜ ਲਵੋ। ਇਕ ਚਮਚ ਅੰਬਚੂਰ ਮਿਲਾ ਲਓ। ਇਕ ਚਮਚ ਚਾਟ ਮਸਾਲਾ, ਇਕ ਚੁਟਕੀ ਹਿੰਗ ਅਤੇ ਲੋੜ ਅਨੁਸਾਰ ਕਾਲਾ ਲੂਣ ਮਿਲਾ ਲਓ। ਜੇਕਰ ਤੁਹਾਡੇ ਕੋਲ ਅੰਬਚੂਰ ਨਹੀਂ ਹੈ ਤਾਂ ਫੇਰ ਤੁਸੀਂ ਥੋੜ੍ਹਾ ਜਿਹਾ ਨਿੰਬੂ ਦਾ ਰਸ ਵੀ ਮਿਲਾ ਸਕਦੇ ਹੋ। ਤੁਸੀਂ ਸਮੁੰਦਰੀ ਲੂਣ ਵੀ ਵਰਤ ਸਕਦੇ ਹੋ। ਇਸ ਸਾਰੇ ਮਸਾਲੇ ਨੂੰ ਚਟਨੀ ਵਾਂਗ ਰਗੜੋ। ਜੇ ਤੁਸੀਂ ਸਿਰਫ਼ ਸਟਰੇਨ ਚਟਨੀ ਹੀ ਚਾਹੁੰਦੇ ਹੋ ਤਾਂ ਚਾਹ ਸਟਰੇਨਰ ਵਰਤੋ।

**ਜਲ ਜੀਰਾ ਬਣਾਉਣਾ**—ਜਲ ਜੀਰਾ ਚਟਨੀ ਇਕ ਕੌਲੀ ਵਿਚ ਰੱਖ ਦਿਓ। ਡੇਢ ਕੱਪ ਪਾਣੀ ਵੀ ਰਲਾ ਦਿਓ। ਇਨ੍ਹਾਂ ਸਭ ਨੂੰ ਚੰਗੀ ਤਰ੍ਹਾਂ ਮਿਲਾ ਲ ?। ਇਸ ਦਾ ਸਵਾਦ ਦੇਖੋ ਅਤੇ ਜੇਕਰ ਲੋੜ ਹੈ ਤਾਂ ਲੂਣ ਅਤੇ ਅੰਬਚੂਰ ਹੋਰ ਮਿਲਾ ਦਿਓ। ਤੁਸੀਂ ਨਿੰਬੂ ਰਸ ਵੀ ਜੇਕਰ ਲੋੜ ਹੈ ਤਾਂ ਮਿਲਾ ਸਕਦੇ ਹੋ। ਜੇਕਰ ਜਲ ਜੀਰੇ ਦਾ ਸਵਾਦ ਕੌੜਾ ਹੈ ਤਾਂ ਕੁਝ ਨਿੰਬੂ ਰਸ ਕੁੜੱਤਣ ਮੁਤਾਬਿਕ ਰਲਾ ਲਵੋ। ਫਿਰ ਇਸ ਨੂੰ ਕੁਝ ਘੰਟੇ ਫਰਿੱਜ ਵਿਚ ਰੱਖ ਦਿਓ। ਤੁਸੀਂ ਕੁਝ ਬੂੰਦੀ, ਇਕ ਚੂੰਢੀ ਚਾਟ ਮਸਾਲਾ ਅਤੇ ਪੁਦੀਨੇ ਦੇ ਕੁਝ ਪੱਤੇ ਹਰ ਇਕ ਗਲਾਸ ਵਿਚ ਰਲਾ ਸਕਦੇ ਹੋ। ਬੂੰਦੀ ਪਾਣੀ ਵਿਚ ਅੱਧਾ ਘੰਟਾ ਭਿਉਂਤੀ ਹੋਵੇ। ਬਾਅਦ ਵਿਚ ਬੂੰਦੀ 'ਚੋਂ ਪਾਣੀ ਨੂੰ ਨਿਚੋੜੋ ਅਤੇ ਇਕ ਪਾਸੇ ਰੱਖ ਦਿਓ। ਬੂੰਦੀ ਜਲ ਜੀਰਾ ਵਰਤਾਉਣ ਸਮੇਂ ਮਿਲਾ ਲਵੋ।

## ਕਸ਼ਮੀਰੀ ਖੀਰ



### ਸਮੱਗਰੀ

300 ਗ੍ਰਾਮ ਚਾਵਲ ਸਫੈਦ, 2 ਲੀਟਰ ਦੁੱਧ, 12 ਚਮਚ ਸੁੱਕਾ ਦੁੱਧ ਪਾਊਡਰ, 2 ਕੱਪ ਕਾਜੂ ਅਤੇ ਬਾਦਾਮ, 8-10 ਖਜੂਰ ਬਿਨਾਂ ਗਿਟਕ, 6 ਚਮਚ ਵੱਡੇ ਚੀਨੀ ਅਤੇ ਚੁਟਕੀ ਕੇਸਰ।

### ਬਣਾਉਣ ਦਾ ਤਰੀਕਾ

ਬਨਾਉਣ ਤੋਂ ਪਹਿਲਾਂ ਚਾਵਲਾਂ ਨੂੰ ਘੱਟੋ-ਘੱਟ 2 ਘੰਟੇ ਸਾਫ਼ ਪਾਣੀ ਵਿਚ ਭਿਉਂ ਕੇ ਰੱਖੋ। ਇਸੇ ਤਰ੍ਹਾਂ ਬਦਾਮ, ਕਾਜੂ ਅਤੇ ਖਜੂਰ ਨੂੰ ਵੀ ਇਕ ਘੰਟਾ ਗਰਮ ਪਾਣੀ ਵਿਚ ਭਿਉਂ ਕੇ ਰੱਖੋ। ਕਿਸੇ ਬਰਤਨ ਵਿਚ 2 ਕੱਪ ਦੁੱਧ ਵਿਚ ਸੁੱਕਾ ਦੁੱਧ ਪਾਊਡਰ ਮਿਲਾ ਕੇ ਚੰਗੀ ਤਰ੍ਹਾਂ ਮਿਕਸ ਕਰੋ ਅਤੇ ਇਸ ਨੂੰ ਉਬਾਲ ਲਵੋ। ਫਿਰ ਇਸ ਘੋਲ ਵਿਚ ਚਾਵਲ ਪਾ ਕੇ ਉਬਾਲੋ ਅਤੇ ਚੀਨੀ ਪਾ ਦਿਓ। ਜਦ ਇਹ ਮਿਸ਼ਰਣ ਉੱਬਲਣ ਲੱਗੇ ਤਾਂ ਇਸ ਵਿਚ ਬਦਾਮ, ਕਾਜੂ ਅਤੇ ਖਜੂਰ ਪਾ ਦਿਓ। ਹੁਣ ਇਸ ਮਿਸ਼ਰਣ ਨੂੰ ਇਕ ਘੰਟੇ ਤੱਕ ਚੰਗੀ ਤਰ੍ਹਾਂ ਪਕਾਓ। ਜਦ ਨਟਸ ਜਮ੍ਹਾਂ ਹੋ ਜਾਣ ਤਾਂ ਚੁੱਲ੍ਹੇ ਤੋਂ ਉਤਾਰਕੇ ਕੇਸਰ ਦੀਆਂ ਤੁਟੀਆਂ ਨਾਲ ਸਜਾ ਕੇ ਠੰਢਾ ਕਰਕੇ ਸਰਵ ਕਰੋ।

## ਕਸ਼ਮੀਰੀ ਪਨੀਰ ਟਿੱਕਾ ਮਸਾਲਾ



**ਸਮੱਗਰੀ**—500 ਗ੍ਰਾਮ ਪਨੀਰ, 4 ਚਮਚ ਕੱਟਿਆ ਹਰਾ ਧਨੀਆ।

**ਮੈਰੀਨੇਟ ਕਰਨ ਲਈ**—1 ਕੱਪ ਦਹੀਂ, 1 ਛੋਟਾ ਚਮਚ ਲਾਲ ਮਿਰਚ ਪਾਊਡਰ, 2 ਚਮਚ ਵੱਡੇ ਨਿੰਬੂ ਦਾ ਰਸ, 1 ਚਮਚ ਛੋਟਾ ਕਾਲੀ ਮਿਰਚ, 1 ਚਮਚ ਗਰਮ ਮਸਾਲਾ, 1/2 ਚਮਚ ਜੀਰਾ ਪਾਊਡਰ ਅਤੇ ਨਮਕ ਸਵਾਦ ਅਨੁਸਾਰ।

**ਟਿੱਕਾ ਮਸਾਲਾ ਲਈ ਸਾਮਾਨ**—2 ਛੋਟੇ ਕੱਟੇ ਹੋਏ ਪਿਆਜ਼, 2 ਛੋਟੀਆਂ ਲਾਲ ਸ਼ਿਮਲਾ ਮਿਰਚ, 1/2 ਕੱਪ ਭਿੱਜੀ ਬਦਾਮ ਗਿਰੀ, 1/2 ਕੱਪ ਸੌਂਗੀ, 4 ਕੱਟੇ ਹੋਏ ਟਮਾਟਰ, 1/2 ਕੱਪ ਕ੍ਰੀਮ, 1/2 ਚਮਚ ਲਾਲ ਮਿਰਚ ਪਾਊਡਰ, 1/2 ਚਮਚ ਗਰਮ ਮਸਾਲਾ ਅਤੇ ਨਮਕ ਸਵਾਦ ਅਨੁਸਾਰ।

**ਵਿਧੀ**—1 ਬਾਊਲ ਵਿਚ ਮੈਰੀਨੇਟ ਕਰਨ ਲਈ ਸਾਰਾ ਸਾਮਾਨ ਮਿਲਾ ਕੇ ਇਸ ਵਿਚ ਪਨੀਰ ਦੇ ਟੁੱਕੜੇ ਪਾ ਦਿਓ ਅਤੇ ਕਰੀਬ 50 ਮਿੰਟ ਲਈ ਵੱਖਰਾ ਰੱਖ ਦਿਓ। ਬਾਅਦ ਵਿਚ ਇਹ ਗਰਿਲ ਪੈਨ ਵਿਚ ਪਨੀਰ ਨੂੰ ਚਾਰੇ ਪਾਸਿਓਂ ਸੁਨਹਿਰਾ ਹੋਣ ਤੱਕ ਭੁੰਨੋ। ਇਕ ਹੋਰ ਪੈਨ ਵਿਚ 5 ਚਮਚ ਘਿਓ ਪਾ ਕੇ ਟਿੱਕਾ ਮਸਾਲੇ ਦਾ ਸਾਮਾਨ ਪਾ ਕੇ ਭੂਰਾ ਹੋਣ ਤੱਕ ਭੁੰਨੋ। ਫਿਰ ਟਮਾਟਰ ਪਾ ਕੇ 3-4 ਮਿੰਟ ਭੁੰਨੋ। ਬਾਅਦ ਵਿਚ ਮੈਰੀਨੇਟਡ ਮਿਸ਼ਰਣ ਕ੍ਰੀਮ, ਨਮਕ ਅਤੇ ਗਰਮ ਮਸਾਲਾ ਪਾਓ ਅਤੇ 5-7 ਮਿੰਟ ਤਕ ਪਕਾਓ। ਹੁਣ ਗਰਿਲਡ ਪਨੀਰ ਦੇ ਟੁਕੜੇ ਪਾ ਕੇ ਹਰੇ ਧਨੀਏ ਦੇ ਪੱਤਿਆਂ ਨਾਲ ਸਜ਼ਾ ਕੇ ਸਰਵ ਕਰੋ।

ROHITA PANNU
LAW CORPORATION
BARRISTER & SOLICITOR




SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8

# ਬੱਚੇ ਦਿਨ 'ਚ ਸਿਰਫ ਇਕ ਘੰਟਾ ਵਰਤ ਸਕਣਗੇ ਸਮਾਰਟਫੋਨ, ਚੀਨ ਸਰਕਾਰ ਨੇ ਨਿਯਮ ਤਿਆਰ ਕੀਤੇ



ਪੇਈਚਿੰਗ-ਚੀਨ ਦੀ ਇੰਟਰਨੈੱਟ ਨਿਗਰਾਨੀ ਸੰਸਥਾ ਨੇ ਬੱਚਿਆਂ ਵੱਲੋਂ ਸਮਾਰਟਫੋਨ ਦੀ ਜ਼ਿਆਦਾ ਸਮੇਂ ਤੱਕ ਵਰਤੋਂ ਨੂੰ ਰੋਕਣ ਲਈ ਨਿਯਮ ਬਣਾਏ ਹਨ। ਸਾਈਬਰਸਪੇਸ ਐਡਮਿਨਿਸਟ੍ਰੇਸ਼ਨ ਆਫ ਚਾਈਨਾ (ਸੀਏਸੀ) ਨੇ ਆਪਣੀ ਸਾਈਟ 'ਤੇ ਇਸ ਸਬੰਧ 'ਚ ਦਿਸ਼ਾ-ਨਿਰਦੇਸ਼ ਖਰੜਾ ਵੀ ਪ੍ਰਕਾਸ਼ਿਤ ਕੀਤੇ ਹਨ। ਸੰਗਠਨ ਦੇ ਇਸ ਕਦਮ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਆਨਲਾਈਨ ਗੇਮਾਂ ਨੂੰ ਚਲਾਉਣ ਵਾਲੀਆਂ ਕੰਪਨੀਆਂ ਨੂੰ ਝਟਕਾ ਦਿੱਤਾ ਹੈ। ਖਰੜੇ ਮੁਤਾਬਕ ਨਾਬਾਲਗਾਂ ਨੂੰ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਮੋਬਾਈਲ 'ਤੇ ਇੰਟਰਨੈੱਟ ਸੇਵਾਵਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ, ਜਦੋਂ ਕਿ 16 ਤੋਂ 18 ਸਾਲ ਦੇ ਅੱਲੜ ਦਿਨ ਵਿੱਚ ਸਿਰਫ਼ ਦੋ ਘੰਟੇ ਹੀ ਇੰਟਰਨੈੱਟ ਦੀ ਵਰਤੋਂ ਕਰ ਸਕਣਗੇ। ਇਸੇ ਤਰ੍ਹਾਂ 8 ਤੋਂ 15 ਸਾਲ ਦੇ ਬੱਚਿਆਂ ਨੂੰ ਦਿਨ ਵਿੱਚ ਸਿਰਫ ਇੱਕ ਘੰਟਾ ਸਮਾਰਟਫੋਨ ਵਰਤਣ ਦੀ ਆਗਿਆ ਹੋਵੇਗੀ। ਅੱਠ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਿਰਫ 40 ਮਿੰਟ ਦੀ ਇਜਾਜ਼ਤ ਹੋਵੇਗੀ।

# ਭਾਰਤੀ ਮੂਲ ਦੀ ਸ਼ੋਹਿਨੀ ਸਿਨਹਾ ਐਫਬੀਆਈ ਦੇ ਫੀਲਡ ਅਫਸਰ ਦੀ ਮੁਖੀ ਨਿਯੁਕਤ

ਵਾਸ਼ਿੰਗਟਨ-ਭਾਰਤੀ ਅਮਰੀਕੀ ਮਹਿਲਾ ਸ਼ੋਹਿਨੀ ਸਿਨਹਾ ਨੂੰ ਅਮਰੀਕੀ ਰਾਜ ਉਟਾਹ ਦੇ ਸਾਲਟ ਲੇਕ ਸਿਟੀ ਸਥਿਤ ਐਫਬੀਆਈ ਫੀਲਡ ਦਫ਼ਤਰ ਦਾ ਸਪੈਸ਼ਲ ਏਜੰਟ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਸ਼ੋਹਿਨੀ ਨੂੰ ਅਤਵਾਦੀ ਵਿਰੋਧੀ ਜਾਂਚ ਦੇ ਖੇਤਰ 'ਚ ਉਨ੍ਹਾਂ ਦੀ ਮੁਹਾਰਤ ਲਈ ਜਾਣਿਆ ਜਾਂਦਾ ਹੈ। ਹਾਲ ਹੀ ਵਿੱਚ ਸਿਨਹਾ ਵਾਸ਼ਿੰਗਟਨ ਡੀਸੀ ਸਥਿਤ ਐੱਫਬੀਆਈ ਹੈਡਕੁਆਰਟਰ ਦੇ ਡਾਇਰੈਕਟਰ ਦੇ ਕਾਰਜਕਾਰੀ ਵਿਸ਼ੇਸ਼ ਸਹਾਇਕ ਵਜੋਂ ਸੇਵਾ ਨਿਭਾਅ ਰਹੀ ਸੀ।

# ਆਸਟਰੇਲੀਆ 'ਚ ਲੜਕੀ ਨੂੰ ਜਿਊਂਦਾ ਦੱਬਣ ਵਾਲੇ ਮੁਲਜ਼ਮ ਨੂੰ 22 ਸਾਲ ਦੀ ਕੈਦ

ਭਵਾਨੀਗੜ੍ਹ-ਪਿੰਡ ਨਰੈਣਗੜ੍ਹ ਨਾਲ ਸਬੰਧਤ ਆਸਟਰੇਲੀਆ ਦੇ ਐਡੀਲੇਡ ਸ਼ਹਿਰ ਵਿੱਚ ਨਰਸਿੰਗ ਦੀ ਵਿਦਿਆਰਥਣ ਜੈਸਮੀਨ ਕੌਰ ਨੂੰ ਜਿਊਂਦਿਆਂ ਜ਼ਮੀਨ ਹੇਠ ਦੱਬ ਕੇ ਮਾਰਨ ਦੇ ਦੋਸ਼ ਹੇਠ ਸਾਊਥ ਆਸਟਰੇਲੀਆ ਦੀ ਅਦਾਲਤ ਵੱਲੋਂ ਖੰਨਾ ਨੇੜਲੇ ਤਾਰਿਕਜੋਤ ਸਿੰਘ ਧਾਲੀਵਾਲ (20) ਨੂੰ 22 ਸਾਲ 10 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਸਜ਼ਾ ਪੂਰੀ ਹੋਣ ਮਗਰੋਂ ਤਾਰਿਕਜੋਤ ਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਵੇਗਾ। ਜਾਣਕਾਰੀ ਅਨੁਸਾਰ ਇਸ ਕੇਸ ਦੀ ਸੁਣਵਾਈ ਦੋ ਦਿਨ ਪਹਿਲਾਂ ਹੋਈ ਸੀ, ਜਿਸ ਮੌਕੇ ਮ੍ਰਿਤਕਾ ਦੀ ਮਾਤਾ ਰਛਪਾਲ ਕੌਰ ਵੀ ਅਦਾਲਤ ਵਿੱਚ ਹਾਜ਼ਰ ਸੀ। ਰਛਪਾਲ ਕੌਰ ਨੇ ਅਦਾਲਤ ਦੇ ਇਸ ਫ਼ੈਸਲੇ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਦੱਸਣਯੋਗ ਹੈ ਕਿ ਜੈਸਮੀਨ ਨੇ ਤਾਰਿਕਜੋਤ ਨਾਲੋਂ ਆਪਣਾ ਸੰਪਰਕ ਤੋੜ ਲਿਆ ਸੀ, ਪਰ ਤਾਰਿਕਜੋਤ ਲਗਾਤਾਰ ਉਸ ਦਾ ਪਿੱਛਾ ਕਰਦਾ ਰਹਿੰਦਾ ਸੀ। ਇਸ ਸਬੰਧੀ ਜੈਸਮੀਨ ਨੇ ਐਡੀਲੇਡ ਪੁਲੀਸ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਸੀ। ਇਸੇ ਦੌਰਾਨ 5 ਮਾਰਚ 2021 ਨੂੰ ਕੰਮ 'ਤੇ ਗਈ ਜੈਸਮੀਨ ਨੂੰ ਤਾਰਿਕਜੋਤ ਨੇ ਅਗਵਾ ਕਰ ਲਿਆ ਅਤੇ ਉਸ ਦੇ ਹੱਥ-ਪੈਰ ਬੰਨ੍ਹ ਕੇ ਗੱਡੀ ਵਿੱਚ ਉਸ ਨੂੰ ਸ਼ਹਿਰ ਤੋਂ 400 ਕਿਲੋਮੀਟਰ ਦੂਰ ਉਜਾੜ ਥਾਂ 'ਤੇ ਲੈ ਗਿਆ। ਤਾਰਿਕਜੋਤ ਨੇ ਉਥੇ ਜੈਸਮੀਨ ਨੂੰ ਜ਼ਿੰਦਾ ਹੀ ਜ਼ਮੀਨ ਹੇਠਾਂ ਦੱਬ ਦਿੱਤਾ। ਪਿੰਡ ਨਰੈਣਗੜ੍ਹ ਦੇ ਵਸਨੀਕ ਸ਼ਿਆਮ ਸਿੰਘ ਨੇ



ਦੱਸਿਆ ਕਿ ਦੋਸ਼ੀ ਨੇ ਲੜਕੀ ਨਾਲ ਦਰਿੰਦਗੀ ਭਰਿਆ ਵਿਹਾਰ ਕੀਤਾ ਹੈ। ਉਨ੍ਹਾਂ ਅਦਾਲਤ ਵੱਲੋਂ ਸੁਣਾਈ ਗਈ ਸਜ਼ਾ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ।

# ਪੈਸਿਆਂ ਦੇ ਲੈਣ-ਦੇਣ ਤੋਂ ਪ੍ਰੇਸ਼ਾਨ ਪਰਿਵਾਰ ਨੇ ਜ਼ਹਿਰ ਨਿਗਲਿਆ

## ਏਜੰਟ ਦੀ ਮੌਤ, ਦੋ ਬੱਚੀਆਂ ਸਣੇ ਪਰਿਵਾਰ ਦੇ ਚਾਰ ਜੀਅ ਜ਼ੇਰੇ ਇਲਾਜ

ਫਗਵਾੜਾ-ਪਿੰਡ ਸੰਗਤਪੁਰ ਦੇ ਇੱਕ ਏਜੰਟ ਦੇ ਪਰਿਵਾਰ ਨੇ ਲੋਕਾਂ ਦੇ ਪੈਸਿਆਂ ਦੇ ਲੈਣ-ਦੇਣ ਤੋਂ ਪ੍ਰੇਸ਼ਾਨ ਹੋ ਕੇ ਬੀਤੀ ਰਾਤ ਜ਼ਹਿਰੀਲੀ ਦਵਾਈ ਨਿਗਲ ਲਈ, ਜਿਸ ਮਗਰੋਂ ਉਕਤ ਏਜੰਟ ਦੀ ਅੱਜ ਸ਼ਾਮ ਸਿਵਲ ਹਸਪਤਾਲ ਜਲੰਧਰ ਵਿੱਚ ਇਲਾਜ ਦੌਰਾਨ ਮੌਤ ਹੋ ਗਈ ਹੈ, ਜਦਕਿ ਪਰਿਵਾਰ ਦੇ ਬਾਕੀ ਚਾਰ ਜੀਅ ਹਾਲੇ ਵੀ ਜ਼ੇਰੇ ਇਲਾਜ ਹਨ। ਜਾਣਕਾਰੀ ਅਨੁਸਾਰ ਪਿੰਡ ਸੰਗਤਪੁਰ ਦਾ ਵਸਨੀਕ ਹਰਦੀਪ ਸਿੰਘ ਬਟਾਲਾ ਵਿੱਚ ਇੱਕ ਏਜੰਟ ਨਾਲ ਰਲ ਕੇ ਕੰਮ ਕਰਦਾ ਸੀ। ਇਸ ਦੌਰਾਨ ਉਨ੍ਹਾਂ ਵੱਲ ਕੁੱਝ ਲੋਕਾਂ ਦੇ ਪੈਸੇ ਰਹਿੰਦੇ ਸਨ। ਪੈਸੇ ਮੰਗਣ ਵਾਲਿਆਂ ਕਰਕੇ ਉਹ ਅਤੇ ਉਸ ਦਾ ਪਰਿਵਾਰ ਪਿਛਲੇ ਕੁਝ ਸਮੇਂ ਤੋਂ ਕਾਫ਼ੀ ਪ੍ਰੇਸ਼ਾਨ ਚੱਲ ਰਿਹਾ ਸੀ। ਇਸੇ ਤਹਿਤ ਬੀਤੀ ਰਾਤ ਕਰੀਬ ਦਸ ਵਜੇ ਸਾਰੇ ਪਰਿਵਾਰ ਨੇ ਜ਼ਹਿਰੀਲੀ ਦਵਾਈ ਨਿਗਲ ਲਈ। ਪਿੰਡ ਦੇ ਪੰਚਾਇਤ ਮੈਂਬਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਰਾਤ ਭਰ ਇਹ ਪਰਿਵਾਰ ਘਰ 'ਚ ਉਲਟੀਆਂ ਕਰਦਾ ਰਿਹਾ, ਜਿਸ ਦੀ ਖ਼ਬਰ ਮਿਲਣ ਮਗਰੋਂ ਸਵੇਰੇ ਕਰੀਬ 8 ਵਜੇ ਇਨ੍ਹਾਂ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ। ਉਥੇ ਹਰਦੀਪ ਸਿੰਘ (45) ਪੁੱਤਰ ਹਰਭਜਨ ਸਿੰਘ, ਉਸ ਦੀ ਪਤਨੀ ਰੁਚੀ (38), ਮਾਤਾ ਕੁਲਦੀਪ ਕੌਰ (77), ਧੀ ਰੂਹਾਨੀ (13), ਤੇ ਏਕਨੂਰ ਨੂੰ ਮੁੱਢਲੀ ਸਹਾਇਤਾ ਦੇਣ ਮਗਰੋਂ ਜਲੰਧਰ ਭੇਜ ਦਿੱਤਾ ਗਿਆ ਹੈ। ਅੱਜ ਸ਼ਾਮਲ ਹਰਦੀਪ ਨੇ ਦਮ ਤੋੜ ਦਿੱਤਾ ਹੈ, ਜਦਕਿ ਬਾਕੀਆਂ ਦਾ ਇਲਾਜ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਹਰਦੀਪ ਸਿੰਘ ਦੇ ਸਿਰ 40-50 ਲੱਖ ਰੁਪਏ ਦਾ ਕਰਜ਼ਾ ਸੀ।



# ਸਿੰਗਾਪੁਰ ਤੋਂ ਰਵਾਨਾ ਹੋਏ ਕਰੂਜ਼ ਜਹਾਜ਼ 'ਚੋਂ ਲਾਪਤਾ ਭਾਰਤੀ ਮਹਿਲਾ ਦੀ ਮੌਤ



ਸਿੰਗਾਪੁਰ-ਮਲੇਸ਼ੀਆ ਦੇ ਉੱਤਰੀ ਟਾਪੂ ਰਾਜ ਪੇਨਾਂਗ ਤੋਂ ਸਿੰਗਾਪੁਰ ਤੋਂ ਲੰਘਦੇ ਸਮੇਂ ਕਰੂਜ਼ ਜਹਾਜ਼ ਤੋਂ ਡਿੱਗਣ ਤੋਂ ਬਾਅਦ ਸੋਮਵਾਰ ਨੂੰ ਲਾਪਤਾ ਹੋਈ ਭਾਰਤੀ ਔਰਤ ਦੀ ਮੌਤ ਹੋ ਗਈ। ਔਰਤ ਦੇ ਬੇਟੇ ਨੇ ਸੋਸ਼ਲ ਮੀਡੀਆ ਰਾਹੀਂ ਇਸ ਦੀ ਜਾਣਕਾਰੀ ਦਿੱਤੀ। ਮਹਿਲਾ ਦੇ ਬੇਟੇ ਵਵੇਕ ਸਾਹਨੀ ਨੇ 'ਸਪੈਕਟ੍ਰਮ ਆਫ ਦਿ ਸੀਜ਼' ਕਰੂਜ਼ ਦੀ ਸੀਸੀਟੀਵੀ ਫੁਟੇਜ ਦੇਖਣ ਤੋਂ ਬਾਅਦ ਕਿਹਾ, 'ਫੁਟੇਜ ਦੇਖਣ ਤੋਂ ਬਾਅਦ ਸਾਨੂੰ ਪਤਾ ਲੱਗਾ ਹੈ ਕਿ ਸਾਡੀ ਮਾਂ ਨਹੀਂ ਰਹੀ।" ਵਵੇਕ ਦੀ ਮਾਂ ਰੀਟਾ ਸਾਹਨੀ ਅਤੇ ਪਿਤਾ ਜੈਕੇਸ਼ ਸਾਹਨੀ 'ਸਪੈਕਟ੍ਰਮ ਆਫ਼ ਦਿ ਸੀਜ਼' 'ਤੇ ਸਨ। ਰੀਟਾ ਨੂੰ ਤੈਰਨਾ ਨਹੀਂ ਸੀ ਆਉਂਦਾ।

# ਹਿੰਦੀ ਵਿੱਚ ਗੱਲ ਕਰਨ 'ਤੇ ਭਾਰਤੀ ਮੂਲ ਦੇ ਅਮਰੀਕੀ ਇੰਜਨੀਅਰ ਨੂੰ ਨੌਕਰੀ ਤੋਂ ਕੱਢਿਆ

ਵਾਸ਼ਿੰਗਟਨ-ਅਮਰੀਕਾ ਵਿੱਚ ਰਹਿ ਰਹੇ 78 ਸਾਲਾ ਭਾਰਤੀ ਮੂਲ ਦੇ ਇੰਜਨੀਅਰ ਨੂੰ ਨੌਕਰੀ ਤੋਂ ਸਿਰਫ਼ ਇਸ ਲਈ ਕੱਢੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ ਕਿਉਂਕਿ ਉਹ ਭਾਰਤ ਵਿੱਚ ਮਰ ਰਹੇ ਆਪਣੇ ਇੱਕ ਰਿਸ਼ਤੇਦਾਰ ਨਾਲ ਵੀਡੀਓ ਕਾਲ 'ਤੇ ਹਿੰਦੀ ਵਿੱਚ ਗੱਲ ਕਰ ਰਿਹਾ ਸੀ। ਮੀਡੀਆ ਨੇ ਮੁਕੱਦਮੇ ਦਾ ਹਵਾਲਾ ਦਿੰਦੇ ਹੋਏ ਇਹ ਰਿਪੋਰਟ ਦਿੱਤੀ ਹੈ। ਮੀਡੀਆ ਮੁਤਾਬਕ ਅਲਬਾਮਾ ਮਿਜ਼ਾਈਲ ਡਿਫੈਂਸ ਕੰਟਰੈਕਟਰ ਨਾਲ ਲੰਬੇ ਸਮੇਂ ਤੋਂ ਕੰਮ ਕਰ ਰਹੇ ਅਨਿਲ ਵਾਰਸ਼ਨੀ ਨੇ ਨੌਕਰੀ ਤੋਂ ਕੱਢਣ ਦੇ ਫ਼ੈਸਲੇ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਹੈ। ਵਾਰਸ਼ਨੀ ਹੰਟਸਵਿਲੇ ਮਿਜ਼ਾਈਲ ਡਿਫੈਂਸ ਕੰਟਰੈਕਟਰ ਪਰਸਨਜ਼ ਕਾਰਪੋਰੇਸ਼ਨ ਵਿੱਚ ਸੀਨੀਅਰ ਸਿਸਟਮ ਇੰਜਨੀਅਰ ਵਜੋਂ ਕੰਮ ਕਰਦਾ ਸੀ।





THANK YOU FOR MAKING US

2022

Outstanding Achievement

National TOP 20%

PRIVATE
MORTGAGES

No Worries... We Can Help!

Easily available Private Mortgage could be just what you need.

- ★ Up to $5 million available
- ★ $10,000 to $1 million in just 24 Hours

- ★ Residential Mortgages
- ★ Commercial Mortgages
- ★ Construction Mortgages
- ★ New Immigrants
- ★ Second Mortgages
- ★ First Time Home Buyers




invis
Canada's Mortgage Experts™
MORTGAGE INTELLIGENCE®

Call today to get started

SANJEEV KATYAL
604.767.5194
info@katyalmortgage.ca

WWW.KATYALMORTGAGE.CA




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ


604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਸਰਦਾਰ ਹਰੀ ਸਿੰਘ ਨਲੂਏ ਨੂੰ ਗਵਰਨਰ ਕਸ਼ਮੀਰ ਬਣਾਉਨਾ

2213 ਹਰੀ ਸਿੰਘ ਦੇ ਵੇਖ ਕੇ ਕਾਰਨਾਮੇ, ਬਾਗੋ ਬਾਗ ਸੀ ਸ਼ੇਰੇ ਪੰਜਾਬ ਹੋਇਆ।
ਜਿੱਥੇ ਤੋਰਿਆ ਝੰਡੇ ਗੱਡ ਦਿੱਤੇ, ਹਰ ਮੈਦਾਨ 'ਚੋਂ ਕਾਮਯਾਬ ਹੋਇਆ।
ਨਾ ਸੁਣਕੇ ਸਹਿਮ ਪਠਾਨ ਜਾਂਦੇ, ਹਊਆ ਉਨ੍ਹਾਂ ਦੇ ਲਈ ਜਨਾਵ ਹੋਇਆ।
ਹਰਚੰਦ ਸਿੰਘਾ ਸਿਪਾਹੀ ਤੋਂ ਸੁਰੁ ਕੀਤਾ, ਉਚਾ ਰੁਤੱਬਾ ਅਤੇ ਖਤਾਵ ਹੋਇਆ॥

### ਕੰਵਰ ਨੌਨਿਹਾਲ ਸਿੰਘ ਦਾ ਜਨਮ 11 ਫਰਵਰੀ 1820 ਈ:

2214 ਮਹੌਲ ਚੱਲੇ ਜਿੱਤਾਂ-ਖ਼ੁਸ਼ੀਆ ਦਾ, ਮਿਹਰਵਾਲ ਸੀ ਮੁੜ ਦਾਤਾਰ ਹੋਇਆ।
ਖੜਗ ਸਿੰਘ ਨੂੰ ਪੁੱਤ ਦੀ ਦਾਤ ਦਿੱਤੀ, ਖ਼ੁਸ਼ ਪਰਜਾ ਅਤੇ ਪਰਿਵਾਰ ਹੋਇਆ।
ਸ਼ੇਰਿ ਪੰਜਾਬ ਖ਼ਜਾਨੇ ਖੋਲ੍ਹ ਦਿੱਤੇ, ਲੋੜ ਬੰਦਾ ਤੇ ਪਰ ਉਪਕਾਰ ਹੋਇਆ।
ਚੰਦ ਕੌਰ ਨਾਲ ਹਰਚੰਦ ਸਿੰਘਾ, ਸੁਹਣੇ ਮਹਿਲਾਂ ਦਾ ਆਣ ਸਿੰਗਾਰ ਹੋਇਆ॥

### 1822 ਈਸਵੀ ਨੂੰ ਮਹਾਰਾਜ ਨੇ ਯੂਰਪੀਅਨ ਜਰਨੈਲ ਭਰਤੀ ਕਰਨੇ

2215 ਨਪੋਲੀਅਨ ਨੂੰ ਯੂਰਪ ਵਿਚ ਹਾਰ ਹੋਈ, ਫ਼ੌਜੀ ਉਸਦੇ ਖੱਜਲ-ਖੁਆਰ ਹੋਏ।
ਮਹਿਮਾ ਸੁਣ ਕੇ ਸ਼ੇਰੇ ਪੰਜਾਬ ਦੀ ਉਹ, ਪੰਧ ਮਾਰਕੇ ਪੇਸ਼ ਦਰਬਾਰ ਹੋਏ।
ਸਿੱਖ ਰਾਜ ਦੀ ਕਰੀਏ ਅਸੀਂ ਸੇਵਾ, ਮਿਹਰਵਾਨ ਜੇ ਸਾਡੀ ਸਰਕਾਰ ਹੋਏ।
ਉੱਚੇ ਰੈਕਾਂ ਤੇ ਰਹਿ ਹਰਚੰਦ ਸਿੰਘਾ, ਹੁਣ ਸਾਡੇ ਤੇ ਅੱਤਿਆਚਾਰ ਹੋਏ॥
2216 ਰਹਿਮ ਦਿਲ ਸਰਕਾਰ ਨੂੰ ਤਰਸ ਆਇਆ, ਉਚੇ ਅਹੁਦਿਆਂ ਉਤੇ ਬਹਾ ਦਿੱਤੇ।
ਜਨਰਲ ਵੈਨਤੂਰਾ ਅਤੇ ਇਲਾਰਡ ਹੋਏ, ਵੱਖੋ ਵੱਖ ਕੰਮਾਂ ਤੇ ਲਾ ਦਿੱਤੇ।
ਵੈਨਤੂਰਾ ਨੂੰ ਪੈਦਲ ਤੇ ਤੋਪਖਾਨਾ, ਰਸਾਲੇ ਦੂਏ ਤਾਈਂ ਦੁਆ ਦਿੱਤੇ।
ਹਰਚੰਦ ਸਿੰਘਾ ਯੂਰਪੀ ਢੰਗ ਸਾਰੇ, ਸਿੱਖ ਫੌਜ ਨੂੰ ਉਨ੍ਹਾਂ ਸਿਖਾ ਦਿੱਤੇ॥

### ਨੁਸ਼ਹਿਰੇ ਦੀ ਫੈਸਲਾ ਕੁੰਨ ਜੰਗ ਸਿੰਘਾਂ ਨੇ ਜਿੱਤਣੀ (ਮਾਰਚ 1823 ਈ:)

2217 ਸਿੰਘਾਂ ਮੁਲਤਾਨ, ਪਸ਼ੌਰ, ਕਸਮੀਰ ਜਿੱਤੇ, ਗਸ਼ ਵੇਖ ਅਫਗਾਨਾਂ ਨੂੰ ਪੈਣ ਲੱਗੇ।
ਕਾਬਲ-ਕੰਧਾਰਵੀ ਸਮਝੋ ਗਏ ਹੱਥੋਂ, ਇਕ ਦੂਏ ਨੂੰ ਉਹ ਸੀ ਕੈਣ੍ਹ ਲੱਗੇ।
ਖਟਕ, ਅਫਰੀਦੀ, ਮੁਹੰਮਦ ਤੇ ਬਾਰਕਜਈ, ਹੁਕੇ ਜੋੜਕੇ ਜਦ ਉਹ ਬੈਣ੍ਹ ਲੱਗੇ।
ਹਰਚੰਦ ਸਿੰਘਾ ਵਡੇਰਿਆਂ ਹਿੰਦ ਮਾਰੀ, ਸਿੰਘ ਆ ਅਫ਼ਗਾਨ ਨੂੰ ਲੈਣ ਲੱਗੇ॥
2218 ਮੁਹੰਮਦ ਅਜ਼ੀਮ ਖ਼ਾਨ ਬਾਰਕਜ਼ਈ, ਅਣਖੀ, ਸਿਆਣਾ ਹਾਕਮ ਅਫਗਾਨ ਮੀਆਂ।
ਗਾਜੀ ਪੁਣੇ ਤੇ ਬੀਰਤਾ-ਬਲ ਕਰਕੇ, ਨਾਲ ਉਸਦੇ ਸਭ ਪਠਾਨ ਮੀਆਂ।
ਸਿੰਘ ਅਫਗਾਨ ਦੇ ਵਿਚਨੇ ਆ ਬੈਠੇ ਸਿੱਕਾ ਆਪਦਾ ਲੱਗੇ ਚਲਾਨ ਮੀਆਂ।
ਬਲ ਪ੍ਰੀਖਿਆ ਸਿੰਘਾ ਦੇ ਨਾਲ ਕਰੀਏ, ਕਰੀ ਬੈਠਕੇ ਉਸ ਪਲਾਨ ਮੀਆਂ॥
2219 ਅੱਠ ਸੌ ਸਾਲ, ਤੋਂ ਖਿੱਤਾ ਪਸ਼ੌਰ ਦਾ ਇਹ, ਬਾਰਕਜਈਆਂ ਦੇ ਰਿਹਾ ਅਧੀਨ ਬੇਲੀ।
ਯਾਰ ਮੁਹਮਦ ਨੇ ਸਿੰਘਾਂ ਤੋਂ ਹਾਰਖਾਕੇ, ਮੰਨ ਲਈ ਇਨ੍ਹਾਂ ਦੀ ਈਨ ਬੇਲੀ।
ਮਿਹਣਾ ਹੁੰਦਾ ਇਹ ਬਹਾਦਰਾਂ ਨੂੰ, ਗੁਲਾਮ ਹੋ ਕੇ ਕਦੇ ਨਾ ਜੀਣ ਬੇਲੀ।
ਹਰਚੰਦ ਸਿੰਘਾ ਛੱਡਣੇ ਬੜੇ ਔਖੇ, ਜੱਗ, ਜ਼ੋਰੋ, ਜ਼ਰ, ਜ਼ਮੀਨ ਬੇਲੀ॥

### ਦੋਸਤ ਮੁਹੰਮਦ ਖਾਨ ਨੇ ਪਿਸ਼ਾਵਰ ਛੱਡ ਕੇ ਚਲੇ ਜਾਣਾ

2220 ਦੋਸਤ ਮੁਹੰਮਦ ਅਜ਼ੀਮ ਦੇ ਨਾਲ ਆਪਣੀ, ਤਾਰ ਨਾਲ ਸੀ ਤਾਰ ਮਿਲਾ ਬੈਠਾ।
ਪੱਖ ਉਸ ਭਰਾ ਦਾ ਪੂਰਿਆਏ, ਸ਼ੇਰੇ ਪੰਜਾਬ ਦਾ ਕੀਤਾ ਭੁਲਾ ਬੈਠਾ।
ਬਿਨਾਂ ਦੱਸੇ ਸ਼ੇਰੇ ਪੰਜਾਬ ਤਾਈਂ, ਯੂਸਫ਼ ਜਈ ਦੇ ਪਰਬਤੀ ਜਾ ਬੈਠਾ।
ਪਿਸ਼ਾਵਰ ਖਾਲੀ ਵੇਖ ਹਰਚੰਦ ਸਿੰਘਾ, ਮੁਹੰਮਦ ਅਜ਼ੀਮ ਕਿਲੇ ਵਿਚ ਆ ਬੈਠਾ॥

### ਕਵੀਓ ਵਾਚ

2221 ਮਾਫੀ ਜਿਸਨੇ ਆਣ ਕੇ ਮੰਗ ਲਈ, ਮਾਫ ਉਸਲੂੰ ਸ਼ੇਰੇ ਪੰਜਾਬ ਕੀਤਾ।
ਮਹਿਲ-ਮਾੜੀਆਂ ਮੋੜ ਸੀ ਰਾਜ ਦਿੱਤੇ, ਮੁੜ ਉਸ ਨੂੰ ਰਾਜਾ-ਨਵਾਬ ਕੀਤਾ।
ਪਰ ਲੋਕਾਂ ਕੌਲਾਂ ਤੋਂ ਹਾਰਿਆ ਨੇ, ਉਨ੍ਹਾਂ ਨਾਲ ਨਾ ਸਹੀ ਹਿਸਾਬ ਕੀਤਾ।
ਹਰਚੰਦ ਸਿੰਘਾ ਜਿਸ ਤੇ ਰਹਿਮ ਕਰਿਆ, ਵਰਤਾਉ ਅੰਤ ਨੂੰ ਉਸ ਖਰਾਬ ਕੀਤਾ॥

### ਮੁਹੰਮਦ ਅਜ਼ੀਮ ਨੇ ਪਸ਼ੌਰ ਤੇ ਕਬਜ਼ਾ ਕਰਕੇ ਸੱਯਦਾਂ, ਮੁੱਲਾਂ ਕਾਜ਼ੀਆਂ ਅਤੇ ਪੀਰ ਜ਼ਾਦਿਆਂ ਨੂੰ ਥਾਂ ਥਾਂ ਭੇਜਕੇ 'ਲੋਇਆ ਗ਼ਜ਼ਾ' (ਵੱਡਾ ਧਰਮ ਯੁੱਧ) ਲਈ ਪਠਾਣਾਂ ਨੂੰ ਉਕਸਾਉਣਾ

2222 'ਲੋਇਆ ਗ਼ਜ਼ਾ' ਦੇ ਲਈ ਤਿਆਰ ਹੋਵੇ, ਥਾਂ ਥਾਂ ਜਾ ਕੇ ਉਨ੍ਹਾਂ ਪ੍ਰਚਾਰ ਕੀਤਾ।
ਹਨੇਰੀ ਵਾਂਗ ਨੇ ਵਧੇ ਸਿੰਘ ਆਉਂਦੇ, ਭਾਸਨ ਮਜ੍ਹਵੀ ਧੂਆਂ-ਧਾਰ ਕੀਤਾ।
ਧਰਮ ਬਚਾਓ ਇਨ੍ਹਾਂ ਕਾਫਰਾਂ ਤੋਂ, ਜਵਾਨਾਂ ਬੁੱਢਿਆਂ ਤਾਈਂ ਲਲਕਾਰ ਕੀਤਾ।
'ਹਸ਼ਤ ਨੱਗਰ-ਨੁਸ਼ਹਿਰੇ ਪਹੁੰਚ ਜਾਓ, ਹਰਚੰਦ ਸਿੰਘਾ ਮੁਜਖ਼ਈਆ ਤਿਆਰ ਕੀਤਾ॥
2223 ਸੱਯਦ ਮੁਹੰਮਦ ਲਤੀਫ਼ ਜੀ ਲਿਖਦੇ ਨੇ, ਹਰ ਵਰਗ ਨੇ ਇਥੇ ਪਠਾਨ ਆਏ।
ਕਾਬਲ, ਦੀਰ, ਬਿਜੋੜ, ਸੁਆਤ ਤਾਈਂ, ਬੁਨੇਰ, ਬੈਜਈ ਬੰਨ੍ਹ ਸਮਾਨ ਆਏ।
ਯੁਸਫ਼ ਜ਼ਈ, ਅਫਰੀਦੀ, ਖਟਕ ਸਾਰੇ, ਕਮਾਲ ਜਈ, ਮੁਹੰਮਦ ਮੁਸਲਮਾਨ ਆਏ।
ਹਰਚੰਦ ਸਿੰਘਾ ਲੈ ਬਖਸ਼-ਬਖਸ਼ਾਵਣੀਆਂ, ਰੱਖ ਤਲੀ ਤੇ ਆਪਣੀ ਜਾਨ ਆਏ॥

### ਪਤਾ ਲੱਗਣ ਤੇ ਮਹਾਰਾਜੇ ਨੇ ਚੜ੍ਹਾਈ ਕਰਨੀ

2224 ਪਸ਼ੌਰ ਵਾਲੇ ਸ਼ੂਹੀਏਨੇ ਖ਼ਬਰ ਦਿੱਤੀ, ਸਾਰਾ ਖੋਲ੍ਹ ਕੇ ਹਾਲ ਸੁਣਾਇਆਏ।
ਸ਼ੇਰ ਪੰਜਾਬਨੇ ਕਰ ਜਰਨੈਲ, ਕੱਠੇ, ਬਿਗਲ ਕੂਚ ਦਾ ਝੱਟ ਵਜਾਇਆ ਏ।
ਖੜਗ ਸਿੰਘ ਤੇ ਹਰੀ ਸਿੰਘ ਨਲੂਆ, ਕਿਰਪਾ ਰਾਮ ਵੀ ਨਾਲ ਚੜ੍ਹਾਇਆ ਏ।
ਹਰਚੰਦ ਸਿੰਘਾ ਘੋੜ ਅਸਵਾਰ ਦੇਕੇ, ਤੁਰਤ ਕਟਕ ਦੇ ਵਲ ਭਿਜਵਾਇਆਏ॥
2225 ਦੂਏ ਦਿਨ 23 ਫਰਵਰੀ ਨੂੰ ਬਾਕੀ ਦਲ ਵੀ ਜੰਗ ਨੂੰ ਜਾਂਵਦੇ ਨੇ।
ਲੱਕ ਬੰਨ੍ਹ ਕੇ ਸ਼ੇਰਿ ਪੰਜਾਬ ਚੱਲੇ, ਚਿੱਟੇ ਘੋੜੇ ਤੇ ਕਾਠੀ ਪਾਂਵਦੇ ਨੇ।
ਫੂਲਾ ਸਿੰਘ ਤੇ ਦੇਸਾ ਸਿੰਘ ਚੱਲੇ, ਤੋਪ ਖਾਨਾ ਤੇ ਰਸਦ ਲਜਾਂਵਦੇ ਨੇ।
ਫ਼ਤਹਿ ਸਿੰਘ ਤੇ ਰਤਨ ਸਿੰਘ ਸੂਰੇ, ਗੋਲੀ ਸਿੱਕੇ ਦੇ ਗੱਡੇ ਲਦਾਂਵਦੇ ਨੇ॥
2226 ਪੁਲ ਬੰਨ੍ਹ ਅਟਕ ਤੇ ਕਿਸਤੀਆਂ ਦਾ, ਹਰੀ ਸਿੰਘ ਦਰਿਆ ਤੋਂ ਪਾਰ ਲੱਗੇ।
ਖੜਗ ਸਿੰਘ ਵੀ ਜਾ ਕੇ ਗਾਜ਼ੀਆਂ ਦੇ ਗੋਲੀ ਵਾਂਗ ਸੀ ਜਾ ਸਰਦਾਰ ਲੱਗੇ।
ਚਾਰ ਗੁਣਾ ਸਿੰਘਾਂ ਤੋਂ ਵੱਧ ਗਾਜ਼ੀ ਇਕ ਦੂਏ ਤੇ ਹੋਣ ਸੀ ਵਾਰ ਲੱਗੇ।
ਹਰਚੰਦ ਸਿੰਘਾ ਘੇਰ ਲਏ ਸਿੰਘ ਉਨ੍ਹਾਂ, ਚਾਰੇ ਪਾਸਿਓ ਬੇਸ਼ੁਮਾਰ ਲੱਗੇ॥

### ਮੁਹੰਮਦ ਜਮਾਨ ਖ਼ਾਨ ਨੇ ਗਾਜ਼ੀ ਭੇਜ ਕੇ ਕਿਸਤੀਆਂ ਦਾ ਪੁਲ ਰੱਸੇ ਕੱਟ ਕੇ ਰੁੜ੍ਹਾ ਦੇਣਾ

2227 ਜਦ ਅਟਕ ਤੇ ਸ਼ੇਰੇ ਪੰਜਾਬ ਪਹੁੰਚੇ, ਪੁਲ ਕਿਤੇ ਨਜ਼ਰ ਨਾ ਆਇਆ ਜੀ।
ਅਟਕ ਪਾਰੋਂ ਸੂਹੀਏ ਖਬਰ ਦਿੱਤੀ, ਦਲ ਸਾਡਾ ਘੇਰੇ ਫਸਾਇਆ ਜੀ।
ਮੱਦਦ ਗਈ ਨਾ ਅਗਰ ਖਾਲਸਾ ਜੀ, ਹੋਣਾ ਸਭ ਦਾ ਉੱਥੇ ਸਫਾਇਆ ਜੀ।
ਹਰਚੰਦ ਸਿੰਘਾ ਸਰਕਾਰ ਨੇ ਲਾ ਅੱਡੀ, ਘੋੜਾ ਅਟਕਾ ਦੇ ਵਿਚ ਠਲਾਇਆ ਜੀ॥
2228 ਇਸ ਅਟਕ ਤੇ ਅਸੀਂ ਅਟਕਨਾ ਨੀ, ਇਸ ਅਟਕ ਤੋਂ ਲੈਣਾ ਰਾਹ ਸਿੰਘੋ।
ਸਾਡੇ ਸੂਰਮੇ ਸਾਨੂੰ ਉਡੀਕਦੇ ਨੇ, ਛੇਤੀ ਮਿਲਣਾ ਉਨ੍ਹਾਂ ਨੂੰ ਜਾ ਸਿੰਘੋ।
ਅਸੀਂ ਅਟਕ ਨੂੰ ਅਟਕ ਹੈ ਪਾ ਦੇਣੀ, ਠੇਲ੍ਹੋ ਦਲ ਨੂੰ ਘੋੜੇ ਭਜਾ ਸਿੰਘੋ।
ਹਰਚੰਦ ਸਿੰਘਾ ਹੁਣ ਜੇ ਅਟਕ ਗਏ, ਅਸੀ ਲੈਣੇ ਵੀਰ ਗੁਆ ਸਿੰਘੋ॥
2229 ਫੂਲਾ ਸਿੰਘ ਨੇ ਸੋ ਨਿਹਾਲ ਕਹਿ ਕਹਿਕੇ, ਘੋੜਾ ਵਿਚ ਅਟਕ ਦੇ ਠੱਲ੍ਹਿਆ ਏ।
ਨਾਲ ਉਸਦੇ ਸ਼ੇਰੇ ਪੰਜਾਬ ਹੋਏ, ਦਲ ਖਾਲਸਾ ਮਗਰ ਹੀ ਚੱਲਿਆ ਏ।
ਉੱਥੇ ਅਟਕ ਨੂੰ ਅਟਕਨਾ ਪੈ ਗਿਆ, ਪਾਣੀ ਅਟਕ ਦਾ ਮੂਲ ਨਾ ਹੱਲਿਆ ਏ।
ਹਰਚੰਦ ਸਿੰਘਾਂ ਅਟਕ ਹੈਰਾਨ ਹੋਇਆ, ਦੂਜਾ ਕੰਢਾ ਖਾਲਸੇ ਮੱਲਿਆ ਏ॥
2230 ਪਤਾ ਲੱਗਿਆ ਜਦੋਂ ਗਾਜੀਆਂ ਨੂੰ, ਸਿੰਘ ਹੋਰ ਨੇ ਬੇਸ਼ੁਮਾਰ ਆਏ।
ਖੁਦ ਨਾਲ ਹੈ ਸ਼ੇਰ ਪੰਜਾਬ ਆਇਆ, ਅਕਾਲੀ ਫੂਲਾ ਸਿੰਘ ਸਰਦਾਰ ਆਏ।
ਗਜ਼ਬ ਸਾਈਂ ਦਾ ਇਹ ਤੇ ਅਟਕ ਤਾਈਂ, ਬਿਨਾਂ ਪੁਲ ਤੋਂ ਕਰ ਕੇ ਪਾਰ ਆਏ।
ਹਰਚੰਦ ਸਿੰਘਾ ਭਾਜੜਾਂ ਪੈ ਗਈਆਂ, ਨੁਸਹਿਰੇ ਨੂੰ ਖਾ ਕੇ ਹਾਰ ਆਏ॥
2231 ਗਾਜ਼ੀ ਆਣ ਨੁਸ਼ਹਿਰੇ ਹੋਏ ਕੱਠੇ, ਜੁੜੇ ਆਣ ਕੇ ਖ਼ਾਨ-ਪਠਾਨ ਬੇਲੀ।
ਸ਼ੇਰੇ ਪੰਜਾਬ ਵੀ ਆਪਣੀਆਂ ਲੈ ਫ਼ੌਜਾਂ, ਅਕੋੜੇ ਮੱਲਿਆ ਆ ਮੈਦਾਨ ਬੇਲੀ।
ਜੰਗ ਹੋਣਾ ਫੈਸਲਾ ਕੁੰਣ ਇਥੇ, ਪਿਆਰੀ ਕਰਨੀ ਕਿਸੇ ਨਾ ਜਾਨ ਬੇਲੀ।
ਇਧਰ ਗੁਰੂ ਦੇ ਸਿੰਘ ਹਰਚੰਦ ਸਿੰਘਾ, ਉਧਰ ਬੈਠਾ ਕੁਝ ਅਫਗਾਨ ਬੇਲੀ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੈਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1 98 SF
Berber
Installed
Textured Saxony
Installed
from $2 28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੇਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

***************

ਇੰਡੀਆ ਵਿਚ ਸਰਕਾਰੀ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", **Msc, MCA** ਲਈ ਇੰਡੀਆ ਵਿਚ ਸਰਕਾਰੀ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

***************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

**ਲੜਕੇ ਦੀ ਲੋੜ**

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਏਚਏਨਟ ਫਰੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037
talwanld@hotmlal.ca

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ **R.N.** ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
**Contact: 604-897-1298,**
**Whatsapp Number: 99-156-52029**

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋੜ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

***************

34 ਸਾਲਾਂ 5'-3" **M.A. B.Ed.** ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

**ਲੜਕੀ ਦੀ ਲੋੜ**

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ, ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁੰਦਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਵ੍ਹ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਇੰਡੀਆ ਵਿਚ ਧਵਡ ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਪੰਜਲ ਫੈਮਿਲੀ : 604-761-8454, 778-837-3502

***************

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ ਲੜਕੀ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜ਼ਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਡਵਾਈਜ਼ਰ ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 236-591-2719

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ।ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੇਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", **MBA (Canada)**, ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰਕਰਾਂ ਦੀ ਲੋੜ

**S K FRAMING** ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ।ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਮਨੀਪੁਰ : ਬੀਰੇਨ ਸਿੰਘ ਦਾ ਜਾਣਾ ਜ਼ਰੂਰੀ

**ਰਾਜੇਸ਼ ਰਾਮਚੰਦਰਨ**

"ਤੁਹਾਨੂੰ ਮੰਦਰ ਦੇ ਵਿਹੜੇ ਵਿਚ ਬੰਨ੍ਹ ਲਿਆ ਜਾਵੇਗਾ ਤੇ ਫਿਰ ਸਾੜ ਦਿੱਤਾ ਜਾਵੇਗਾ!" ਕੇਰਲ ਵਿਚ ਮੁਸਲਿਮ ਲੀਗ ਦੇ ਕਾਰਕੁਨਾਂ



ਦਾ ਇਹ ਨਾਅਰਾ ਮਨੀਪੁਰ ਹਿੰਸਾ ਦੇ ਸਿੱਧੇ ਅਸਰ ਦਾ ਸਿੱਟਾ ਹੈ। ਯਕੀਨਨ, ਇਸ ਤੋਂ ਇਹ ਪਤਾ ਲੱਗਦਾ ਹੈ ਕਿ ਕੇਰਲ ਕਿਸ ਹੱਦ ਤੱਕ ਫ਼ਿਰਕੂ ਮਾਹੌਲ ਵਿਚ ਤਬਦੀਲ ਹੋ ਗਿਆ ਹੈ ਅਤੇ ਇਸ ਦੀ ਘੱਟਗਿਣਤੀਆਂ-ਕੇਂਦਰਿਤ ਸਿਆਸਤ ਨੇ ਕਿਹੜੀ ਦਿਸ਼ਾ ਲੈ ਲਈ ਹੈ ਪਰ ਇਸ ਤੋਂ ਵਧੇਰੇ ਅਹਿਮ ਇਹ ਗੱਲ ਹੈ ਕਿ ਮਨੀਪੁਰ ਵਿਚ ਹੋਈਆਂ ਮੌਤਾਂ ਅਤੇ ਜਬਰ ਜਨਾਹ ਦਾ ਕੌਮੀ ਮਾਨਸਿਕਤਾ ਉਤੇ ਪੱਕਾ ਅਸਰ ਪਿਆ ਹੈ। ਚੰਡੀਗੜ੍ਹ, ਤਿਰੂਵਨੰਤਪੁਰਮ ਅਤੇ ਸਾਰੇ ਦੇਸ਼ ਵਿਚ ਹੀ ਈਸਾਈ ਭਾਈਚਾਰਾ ਆਪਣੇ ਧਾਰਮਿਕ ਆਗੂਆਂ ਦੀ ਅਗਵਾਈ ਹੇਠ ਮਨੀਪੁਰ ਹਿੰਸਾ ਖ਼ਿਲਾਫ਼ ਰੋਸ ਮੁਜ਼ਾਹਰੇ ਕਰ ਰਿਹਾ ਹੈ। ਮੁਸਲਿਮ ਲੀਗ ਦੇ ਕੁਝ ਵਰਕਰ ਇਸ ਸਭ ਕਾਸੇ ਲਈ ਕੇਰਲ ਦੇ ਬੇਕਸੂਰ ਹਿੰਦੂਆਂ ਤੋਂ ਬਦਲਾ ਲੈਣਾ ਚਾਹੁੰਦੇ ਹਨ ਜਿਨ੍ਹਾਂ ਨੂੰ ਭਾਵੇਂ ਬਾਅਦ ਵਿਚ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਅਤੇ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ।

ਕੀ ਮਨੀਪੁਰ ਦੀ ਐੱਨ ਬੀਰੇਨ ਸਿੰਘ ਸਰਕਾਰ ਅਸਲ ਵਿਚ ਇਹੋ ਕੁਝ ਚਾਹੁੰਦੀ ਹੈ? ਕੀ ਇਹ ਧਰੁਵੀਕਰਨ ਕਿਸੇ ਸੋਚੀ-ਸਮਝੀ ਯੋਜਨਾ ਦਾ ਸਿੱਟਾ ਹੈ? ਜਾਂ ਫਿਰ ਇਹ ਮਹਿਜ਼ ਡਬਲ-ਇੰਜਣ ਦੀ ਨਾਕਾਬਲੀਅਤ ਅਤੇ ਬਦਇੰਤਜ਼ਾਮੀ ਦਾ ਮਾਮਲਾ ਹੈ? ਜੋ ਵੀ ਹੋਵੇ, ਮਨੀਪੁਰ ਵਿਚਲੀ ਭਾਜਪਾ ਸਰਕਾਰ ਸੱਤਾ ਵਿਚ ਰਹਿਣ ਦਾ ਹਰ ਅਖ਼ਤਿਆਰ ਗੁਆ ਚੁੱਕੀ ਹੈ? ਬੀਰੇਨ ਸਿੰਘ ਨੂੰ ਅਹੁਦੇ ਤੋਂ ਅਸਤੀਫ਼ਾ ਦੇਣਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਬਦਲ ਦਿੱਤਾ ਜਾਣਾ ਚਾਹੀਦਾ ਹੈ। ਕੇਂਦਰ ਸਰਕਾਰ ਬੀਰੇਨ ਸਿੰਘ ਦੇ ਸੱਤਾ ਵਿਚ ਬਣੇ ਰਹਿਣ ਨੂੰ ਜਿੰਨਾ ਜ਼ਿਆਦਾ ਸਮਾਂ ਤਰਕਸੰਗਤ ਬਣਾਉਣ ਦੀ ਕੋਸ਼ਿਸ਼ ਕਰੇਗੀ, ਖ਼ਾਸਕਰ ਲੋਕ ਸਭਾ ਚੋਣਾਂ ਤੋਂ ਪਹਿਲਾਂ, ਓਨਾ ਹੀ ਧਰੁਵੀਕਰਨ ਦਾ ਤਰਕ ਮਜ਼ਬੂਤ ਹੁੰਦਾ ਜਾਵੇਗਾ ਪਰ ਦੁੱਖ ਦੀ ਗੱਲ ਹੈ ਕਿ ਕੇਂਦਰ ਸਰਕਾਰ ਨਾ ਸਿਰਫ਼ ਮੈਤੇਈ-ਕੁਕੀ ਵੰਡ ਨੂੰ ਹੀ ਵਾਜਬ ਬਣਾ ਰਹੀ ਹੈ ਸਗੋਂ ਉਹ ਹਿੰਦੂ-ਈਸਾਈ ਟਕਰਾਅ ਨੂੰ ਵੀ ਜਾਇਜ਼ ਬਣਾ ਰਹੀ ਹੈ; ਇਉਂ ਈਸਾਈ ਬਹੁਗਿਣਤੀ ਵਾਲੇ ਪੱਛਮੀ ਮੁਲਕਾਂ ਦੇ ਤਾਅਨੇ-ਮਿਹਣੇ ਸਹੇੜ ਰਹੀ ਹੈ।

ਉੱਤਰ-ਪੂਰਬ ਦੀ ਨਸਲੀ ਸਿਆਸਤ ਦਾ ਕੋਈ ਵੀ ਜਾਣਕਾਰ ਇਹ ਗੱਲ ਜਾਣਦਾ ਹੈ ਕਿ ਮਨੀਪੁਰ ਵਿਚਲਾ ਟਕਰਾਅ ਫ਼ਿਰਕੂ ਨਹੀਂ, ਨਸਲੀ ਹੈ; ਭਾਵੇਂ ਕੁਕੀ ਭਾਈਚਾਰੇ ਦੇ ਲੋਕ ਈਸਾਈ ਹਨ ਤੇ ਮੈਤੇਈ ਭਾਈਚਾਰੇ ਦੇ ਲੋਕ ਮੁੱਖ ਤੌਰ 'ਤੇ ਹਿੰਦੂ। ਲੜ ਰਹੀਆਂ ਧਿਰਾਂ ਦਾ ਟਕਰਾਅ ਆਪਣੀਆਂ ਮੁੱਢਲੀਆਂ ਪਛਾਣਾਂ ਮੈਤੇਈ ਤੇ ਕੁਕੀ ਲਈ ਅਤੇ ਜ਼ਮੀਨ ਲਈ ਹੈ। ਕੁਕੀ ਅਨੁਸੂਚਿਤ ਕਬੀਲੇ ਵਿਚ ਆਉਂਦੇ ਹੋਣ ਕਾਰਨ ਨੌਕਰੀਆਂ ਤੇ ਸਿੱਖਿਆ ਵਿਚ ਰਾਖਵਾਂਕਰਨ ਅਤੇ ਹੋਰ ਕਈ ਲਾਭ ਹਾਸਲ ਕਰਦੇ ਹਨ ਜੋ ਮੈਤੇਈ ਭਾਈਚਾਰੇ ਨੂੰ ਹਾਸਲ ਨਹੀਂ। ਨਾਲ ਹੀ ਕੁਕੀ ਭਾਈਚਾਰਾ ਮੈਤੇਈਆਂ ਨੂੰ ਆਪਣੀ ਭਰਵੀਂ ਪਹਾੜੀ ਜ਼ਮੀਨ ਤੋਂ ਵੀ ਲਾਂਭੇ ਰੱਖਣ ਦੇ ਸਮਰੱਥ ਹੈ। ਇਹ ਹਿੰਸਾ ਭੜਕਣ ਦਾ ਕਾਰਨ ਅਦਾਲਤ ਵੱਲੋਂ ਮੈਤੇਈ ਭਾਈਚਾਰੇ ਦੇ ਹੱਕ ਵਿਚ ਦਿੱਤੇ ਇਕ ਫ਼ੈਸਲੇ ਖ਼ਿਲਾਫ਼ ਕੁਕੀਆਂ ਵੱਲੋਂ ਕੀਤਾ ਗਿਆ ਮਾਰਚ ਬਣਿਆ। ਇਸ ਤੋਂ ਬਾਅਦ ਸੂਬੇ ਵਿਚ ਭਿਆਨਕ ਹਿੰਸਾ ਅਤੇ ਜਿਨਸੀ ਹਮਲਿਆਂ ਦੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ ਉਹ ਘਟਨਾ ਵੀ ਸ਼ਾਮਲ ਹੈ ਜਿਸ ਦੀਆਂ ਵੀਡੀਓ ਕਲਿਪਾਂ ਹੁਣ ਵਾਇਰਲ ਹੋਈਆਂ ਹਨ।

ਸੂਬੇ ਵਿਚ 300 ਸ਼ਰਨਾਰਥੀ ਕੈਂਪਾਂ ਵਿਚ ਹਜ਼ਾਰਾਂ ਲੋਕ ਠਹਿਰੇ ਹੋਏ ਹਨ ਜਿਨ੍ਹਾਂ ਵਿਚੋਂ ਬਹੁਤੇ ਭਾਵੇਂ ਕੁਕੀ ਹਨ ਪਰ ਕੁਝ ਕੁ ਮੈਤੇਈ ਵੀ ਹਨ। ਇਹੋ ਉਹ ਪ੍ਰਸੰਗ ਹੈ ਜਿਸ ਨੂੰ ਸਿਆਸਤਦਾਨਾਂ ਨੇ ਬਾਕੀ ਮੁਲਕ ਦੀ ਆਸਾਨ ਖ਼ਪਤ ਲਈ ਫ਼ਿਰਕੂ ਬਣਾ ਦਿੱਤਾ ਹੈ। ਸਿਆਸੀ ਸੌਖ ਦੀ ਖ਼ਾਤਰ ਮੁੱਢਲੀਆਂ ਪਛਾਣਾਂ ਦੇ ਉਤੇ ਹਿੰਦੂ-ਈਸਾਈ ਦੀਆਂ ਦੋਇਮ ਪਛਾਣਾਂ ਨੂੰ ਠੋਸ ਦਿੱਤਾ ਗਿਆ ਹੈ। ਇਹ ਭਾਜਪਾ ਦੇ ਪ੍ਰਭਾਵ ਵਾਲੇ ਖੇਤਰਾਂ ਵਿਚ ਉਸ ਲਈ ਸਿਆਸੀ ਤੌਰ 'ਤੇ ਲਾਹੇਵੰਦ ਹੈ ਜਿਥੇ 'ਹਿੰਦੂ ਖ਼ਤਰੇ ਮੇਂ ਹੈਂ' ਦਾ ਤਰਕ ਕੰਮ ਕਰਦਾ ਹੈ ਪਰ ਇਹ ਧਰੁਵੀਕਰਨ ਵਿਰੋਧੀ ਧਿਰ ਨੂੰ ਜ਼ਿਆਦਾ ਰਾਸ ਆਉਂਦਾ ਹੈ।

*(ਬਾਕੀ ਸਫ਼ਾ 25 'ਤੇ)*

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial
Gurvinder Sanghera: 604-729-1435
Email: gsanghera77@gmail.com




# ਗਰਮੀ ਦੇ ਮੌਸਮ 'ਚ ਵਰਤੋਂ ਇਹ ਸਾਵਧਾਨੀਆਂ

**ਡਾ. ਗੁਰਿੰਦਰ ਜੋਸਨ**

- ਘਰ ਤੋਂ ਬਾਹਰ ਦੇ ਕੰਮ ਦਿਨ ਦੇ ਠੰਢੇ ਸਮੇਂ ਜਿਵੇਂ ਕਿ ਸਵੇਰ ਅਤੇ ਸ਼ਾਮ ਸਮੇਂ ਕੀਤੇ ਜਾਣੇ ਚਾਹੀਦੇ ਹਨ।
- ਪਿਆਸ ਨਾ ਲੱਗਣ 'ਤੇ ਵੀ ਹਰ ਅੱਧੇ ਘੰਟੇ ਬਾਅਦ ਪਾਣੀ ਜ਼ਰੂਰ ਪੀਓ ਪਰ ਮਿਰਗੀ ਜਾਂ ਦਿਲ ਦੀ ਬਿਮਾਰੀ, ਗੁਰਦੇ ਜਾਂ ਜਿਗਰ ਦੀ ਬਿਮਾਰੀ ਵਾਲੇ ਲੋਕ ਜੋ ਤਰਲ-ਪ੍ਰਤੀਬੰਧਿਤ ਖ਼ੁਰਾਕ 'ਤੇ ਹਨ, ਉਨ੍ਹਾਂ ਨੂੰ ਪਾਣੀ ਦੀ ਮਾਤਰਾ ਵਧਾਉਣ ਸਬੰਧੀ ਡਾਕਟਰੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।
- ਬਾਹਰ ਕੰਮ ਕਰਦੇ ਸਮੇਂ ਹਲਕੇ ਰੰਗ ਅਤੇ ਸਰੀਰ ਨੂੰ ਪੂਰੇ ਢਕਣ ਵਾਲੇ ਕੱਪੜੇ ਪਾਓ। ਕੋਸ਼ਿਸ਼ ਕਰੋ ਕਿ ਗਰਮੀਆਂ ਵਿੱਚ ਸਿਰਫ਼ ਸੂਤੀ ਕੱਪੜੇ ਹੀ ਪਹਿਨੇ ਜਾਣ।
- ਸਿੱਧੀ ਧੁੱਪ ਤੋਂ ਆਪਣੇ ਸਿਰ ਨੂੰ ਢੱਕਣ ਲਈ ਛੱਤਰੀ, ਟੋਪੀ, ਤੌਲੀਆ, ਪੱਗ ਜਾਂ ਦੁਪੱਟੇ ਆਦਿ ਦੀ ਵਰਤੋਂ ਕਰੋ।



- ਨੰਗੇ ਪੈਰੀਂ ਬਾਹਰ ਨਾ ਨਿਕਲੋ, ਧੁੱਪ ਵਿਚ ਬਾਹਰ ਜਾਣ ਵੇਲੇ ਹਮੇਸ਼ਾ ਜੁੱਤੀ-ਬੂਟ ਜਾਂ ਚੱਪਲਾਂ ਪਾਓ।
- ਧੁੱਪ ਵਿਚ ਕੰਮ ਕਰਨ ਵਾਲੇ ਲੋਕਾਂ ਨੂੰ ਸਰੀਰ ਦਾ ਤਾਪਮਾਨ ਸਹੀ ਬਰਕਰਾਰ ਰੱਖਣ ਲਈ ਛਾਂ ਵਿਚ ਆਰਾਮ ਕਰਨਾ ਚਾਹੀਦਾ ਹੈ ਜਾਂ ਸਿਰ 'ਤੇ ਗਿੱਲਾ ਕੱਪੜਾ ਰੱਖਣਾ ਚਾਹੀਦਾ ਹੈ।
- ਧੁੱਪ ਵਿਚ ਨਿਕਲਦੇ ਸਮੇਂ ਹਮੇਸ਼ਾ ਪਾਣੀ ਨਾਲ ਰੱਖੋ।
- ਮੌਸਮੀ ਫਲ ਅਤੇ ਸਲਾਦ ਜਿਵੇਂ ਕਿ ਅੰਬ ਤਰਬੂਜ, ਖਰਬੂਜਾ, ਸੰਤਰਾ, ਅੰਗੂਰ, ਖੀਰਾ, ਮੂਲੀ, ਪਿਆਜ ਅਤੇ ਟਮਾਟਰ ਆਦਿ ਖਾਓ ਕਿਉਂਕਿ ਇਨ੍ਹਾਂ ਵਿਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ।
- ਉਨ੍ਹਾਂ ਲੋਕਾਂ ਨੂੰ ਪਾਣੀ ਦੀ ਪੇਸ਼ਕਸ਼ ਕਰੋ, ਜੋ ਤੁਹਾਡੇ ਘਰ ਜਾਂ ਦਫਤਰ ਵਿੱਚ ਸਾਮਾਨ ਜਾਂ ਭੋਜਨ ਦੀ ਡਿਲਿਵਰੀ ਲਈ ਆਉਂਦੇ ਹਨ।
- ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਅਤੇ ਸੱਤੂ ਵਰਗੇ ਘਰੇਲੂ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਅਤੇ ਸੇਵਨ ਵਧਾਓ।
- ਆਪਣੀ ਚਮੜੀ ਦੀ ਸੁਰੱਖਿਆ ਲਈ ਸਨਸਕਰੀਨ ਅਤੇ ਅੱਖਾਂ ਦੀ ਸੁਰੱਖਿਆ ਲਈ ਗੂੜ੍ਹੇ ਚਸ਼ਮੇ ਪਾਓ।
- ਘੱਟ ਭੋਜਨ ਖਾਓ ਅਤੇ ਜ਼ਿਆਦਾ ਵਾਰ ਖਾਓ, ਬਿਹਾ ਖਾਣਾ ਨਾ ਖਾਓ, ਜ਼ਿਆਦਾ ਤੇਲ ਵਾਲੇ ਜਾਂ ਬਾਹਰਲੇ ਖਾਣੇ ਤੋਂ ਪਰਹੇਜ਼ ਕਰੋ।
- ਠੰਢੇ ਪਾਣੀ ਨਾਲ ਵਾਰ-ਵਾਰ ਨਹਾਓ ਜਾਂ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਮੂੰਹ-ਹੱਥ ਠੰਢੇ ਪਾਣੀ ਨਾਲ ਧੋਵੋ।
- ਕਸਰਤ ਸਰੀਰ ਦੇ ਵਧਦੇ ਤਾਪਮਾਨ ਦੇ ਅਨੁਕੂਲ ਕਰੋ ਅਤੇ ਖ਼ੁਰਾਕ ਤੇ ਤਰਲ ਪਦਾਰਥਾਂ ਦਾ ਸੇਵਨ ਜ਼ਰੂਰ ਕਰੋ।

### ਇਨ੍ਹਾਂ ਗੱਲਾਂ ਦਾ ਰੱਖੋ ਧਿਆਨ

- ਧੁੱਪ ਵਿੱਚ ਖਾਸ ਤੌਰ 'ਤੇ ਦੁਪਹਿਰ 12 ਤੋਂ 3 ਵਜੇ



ਤੱਕ ਬਾਹਰ ਜਾਣ ਤੋਂ ਪਰਹੇਜ਼ ਕਰੋ।
- ਵਧ ਗਰਮੀ ਵਾਲੇ ਘੰਟਿਆਂ ਦੌਰਾਨ ਖਾਣਾ ਬਣਾਉਣ ਤੋਂ ਗੁਰੇਜ਼ ਕੀਤਾ ਜਾਵੇ, ਰਸੋਈ ਨੂੰ ਚੰਗੀ ਤਰ੍ਹਾਂ ਹਵਾਦਾਰ ਰੱਖਣ ਲਈ ਦਰਵਾਜ਼ੇ ਅਤੇ ਖਿੜਕੀਆਂ ਖੁੱਲ੍ਹੀਆਂ ਰੱਖੋ, ਹਵਾ ਬਾਹਰ ਕੱਢਣ ਲਈ ਚਿਮਨੀ ਜਾਂ ਪੱਖਾ ਜ਼ਰੂਰ ਚਲਾਓ।
- ਅਲਕੋਹਲ, ਚਾਹ, ਕੌਫੀ, ਪੈਕਡ ਡਰਿੰਕ ਅਤੇ ਵਾਧੂ ਮਿੱਠੇ ਪੀਣ ਵਾਲੇ ਪਦਾਰਥਾਂ ਤੋਂ ਪਰਹੇਜ਼ ਕਰੋ ਕਿਉਂਕਿ ਇਹ ਅਸਲ ਵਿੱਚ ਸਰੀਰ ਦੇ ਤਰਲ ਪਦਾਰਥਾਂ ਦੀ ਮਾਤਰਾ ਘਟਾ ਦਿੰਦੇ ਹਨ।
- ਤਲੇ ਹੋਏ ਭੋਜਨ ਤੋਂ ਪਰਹੇਜ਼ ਕਰੋ।
- ਬੱਚਿਆਂ ਜਾਂ ਪਾਲਤੂ ਜਾਨਵਰਾਂ ਨੂੰ ਤਾਲਾਬੰਦ ਵਾਹਨ ਵਿੱਚ ਨਾ ਛੱਡੋ।






(ਸਫ਼ਾ 23 ਦੀ ਬਾਕੀ)

ਇਸ ਨੇ ਉਨ੍ਹਾਂ ਥਾਵਾਂ ਉਤੇ ਈਸਾਈ ਭਾਈਚਾਰੇ ਨੂੰ ਫ਼ੈਸਲਾਕੁਨ ਢੰਗ ਨਾਲ ਭਾਜਪਾ ਦੇ ਖ਼ਿਲਾਫ਼ ਕਰ ਦਿੱਤਾ ਹੈ ਜਿਥੇ ਪਾਰਟੀ ਇਸ ਭਾਈਚਾਰੇ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੀ ਸੀ, ਮਿਸਾਲ ਵਜੋਂ ਕੇਰਲ। ਦੂਜੇ ਪਾਸੇ ਕੇਰਲ ਵਿਚ ਮੁਸਲਮਾਨਾਂ ਨੂੰ ਹਿੰਦੂਆਂ ਖ਼ਿਲਾਫ਼ ਖੜ੍ਹੇ ਕਰਨਾ ਲੰਮੇ ਸਮੇਂ ਲਈ ਚੰਗਾ ਨਹੀਂ ਹੋਵੇਗਾ ਸਗੋਂ ਇਸ ਨਾਲ ਤਾਂ ਵਿਰੋਧੀ ਪਾਰਟੀਆਂ ਦੀ ਫ਼ਿਰਕੂ ਮਿਲੀਭਗਤ ਹੀ ਸਾਬਤ ਹੁੰਦੀ ਹੈ ਜਿਨ੍ਹਾਂ ਨੇ ਉਸ ਸੂਬੇ ਵਿਚ ਸਿਰੇ ਦੀ ਫ਼ਿਰਕੂ ਨਫ਼ਰਤ ਨੂੰ ਖੁੱਲ੍ਹ ਦਿੱਤੀ ਜਿਸ ਨੇ ਕਦੇ ਵੀ ਭਾਜਪਾ ਜਾਂ ਸੰਘ ਪਰਿਵਾਰ ਦੇ ਕਿਸੇ ਸੰਸਦ ਮੈਂਬਰ ਨੂੰ ਨਹੀਂ ਜਿਤਾਇਆ (ਇਥੋਂ ਤੱਕ ਕਿ ਕੇਰਲ ਵਿਧਾਨ ਸਭਾ ਵਿਚ ਵੀ ਸਾਰੇ ਇਤਿਹਾਸ ਦੌਰਾਨ ਸਿਰਫ਼ ਇਕ ਭਾਜਪਾ ਵਿਧਾਇਕ ਚੁਣਿਆ ਗਿਆ ਹੈ)। ਇਸ ਲਈ ਅਖੌਤੀ ਧਰਮ ਨਿਰਪੱਖ ਪਾਰਟੀਆਂ ਲਈ ਫ਼ਿਰਕੂ ਪੱਤਾ ਖੇਡਣ ਵਾਸਤੇ ਭਾਜਪਾ ਦੀ ਮੌਜੂਦਗੀ ਜਾਂ ਸੰਘ ਪਰਿਵਾਰ ਦਾ ਸਿਆਸੀ ਪ੍ਰਭਾਵ ਕੋਈ ਅਗਾਊਂ ਸ਼ਰਤ ਨਹੀਂ ਹੈ। ਉਹ ਖ਼ੁਦ ਪਹਿਲਾਂ ਅਜਿਹਾ ਕਰ ਕੇ ਸੰਘ ਪਰਿਵਾਰ ਵੱਲੋਂ ਘੱਟਗਿਣਤੀਆਂ ਨੂੰ ਖ਼ੁਸ਼ ਕਰਨ ਵਾਲੀ ਸਿਆਸਤ ਦੇ ਲਾਏ ਜਾਂਦੇ ਦੋਸ਼ਾਂ ਨੂੰ ਵਾਜਬ ਬਣਾਉਂਦੇ ਹਨ।

ਇਸ ਦੇ ਬਾਵਜੂਦ ਮੈਤੇਈ-ਕੂਕੀ ਟਕਰਾਅ ਨੂੰ ਦਿੱਤਾ ਗਿਆ ਫ਼ਿਰਕੂ ਰੂਪ ਲਾਜ਼ਮੀ ਤੌਰ 'ਤੇ ਪ੍ਰਸ਼ਾਸਨ ਦੀ ਨਾਕਾਮੀ ਦਾ ਮਾਮਲਾ ਹੈ। ਵੇਲੇ ਸਿਰ ਪ੍ਰਸ਼ਾਸਕੀ ਤੇ ਪੁਲੀਸ ਕਾਰਵਾਈ ਕਰ ਕੇ ਝੜਪਾਂ ਨੂੰ ਟਾਲਿਆ ਜਾ ਸਕਦਾ ਸੀ ਪਰ ਬੀਰੇਨ ਸਿੰਘ ਸਰਕਾਰ ਨੇ ਟਕਰਾਅ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਕੋਸ਼ਿਸ਼ ਕੀਤੀ। ਸਿੱਟੇ ਵਜੋਂ ਇਹ ਮਾਮਲਾ ਆਪਣੇ ਤਰ੍ਹਾਂ ਦੇ ਸਭ ਤੋਂ ਭਿਆਨਕ ਸਕੈਂਡਲ ਦਾ ਰੂਪ ਧਾਰ ਗਿਆ। ਹੁਣ ਉਨ੍ਹਾਂ ਸਾਰੇ ਲੋਕਾਂ ਨੂੰ ਤਲਾਸ਼ ਕਰਨ ਦੀ ਕੋਸ਼ਿਸ਼ ਜਿਨ੍ਹਾਂ ਨੇ ਘਿਨਾਉਣੇ ਜੁਰਮ ਦੀਆਂ ਵੀਡੀਓ ਕਲਿਪ ਅੱਗੇ ਫੈਲਾਇਆ, ਕੇਂਦਰ ਸਰਕਾਰ ਦੀ ਨਮੋਸ਼ੀ ਦਾ ਕਾਰਨ ਬਣ ਰਹੀ ਹੈ। ਇਹ ਤਾਂ ਸੰਦੇਸ਼ਵਾਹਕ ਨੂੰ ਗੋਲੀ ਮਾਰਨ ਵਾਲੀ ਇਕ ਹੋਰ ਕੋਸ਼ਿਸ਼ ਹੈ ਅਤੇ ਇਸ ਤਰ੍ਹਾਂ ਵਿਰੋਧੀ ਧਿਰ ਨੇ ਠੀਕ ਹੀ ਇਸ ਮਾਮਲੇ ਨੂੰ ਸਿਆਸੀ ਮੁੱਦਾ ਬਣਾਇਆ ਹੈ। ਜੇ ਇਹ ਸਮੂਹਿਕ ਜਬਰ ਜਨਾਹ ਸਿਆਸੀ ਮੁੱਦਾ ਨਹੀਂ ਹੈ ਤਾਂ ਹੋਰ ਕੀ ਹੈ?

ਇਸ ਪ੍ਰਸੰਗ ਵਿਚ ਮਨੀਪੁਰ ਦੇ ਗੁਆਂਢੀ ਉੱਤਰ-ਪੂਰਬੀ ਸੂਬੇ ਦਾ ਮਾਮਲਾ ਚੇਤੇ ਕਰਾਉਣ ਦੀ ਜ਼ਰੂਰਤ ਹੈ: ਜਦੋਂ 2005 ਦੌਰਾਨ ਮੇਘਾਲਿਆ ਵਿਚ ਦੋ ਵਿਰੋਧੀ ਗਰੁੱਪ ਇਕ-ਦੂਜੇ ਨਾਲ ਲੜ ਰਹੇ ਸਨ ਅਤੇ ਇਕ ਨੌਜਵਾਨ ਆਈਏਐੱਸ ਅਫਸਰ ਨੇ ਸਵੈ-ਇੱਛਕ ਢੰਗ ਨਾਲ ਖ਼ੁਦ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਕਰਨ ਵਾਸਤੇ ਪੇਸ਼ ਕੀਤਾ ਤਾਂ ਕਿ ਉਹ ਹਾਲਾਤ ਆਮ ਵਰਗੇ ਬਣਾ ਸਕੇ। ਇਸ ਆਈਏਐੱਸ ਅਫਸਰ ਨੇ ਹਾਰਵਰਡ ਕੈਨੇਡੀ ਸਕੂਲ ਵਿਚ ਆਪਣੀ ਮਾਸਟਰ ਡਿਗਰੀ ਵਾਸਤੇ ਪੇਸ਼ ਲੇਖ ਵਿਚ ਇਸ ਸਬੰਧੀ ਜਾਣਕਾਰੀ ਦਿੱਤੀ ਹੈ, ਭਾਰਤ ਦੇ ਬਹੁਤ ਹੀ ਗੜਬੜਜ਼ਦਾ ਅਤੇ ਹਿੰਸਾ ਦੇ ਸ਼ਿਕਾਰ ਇਲਾਕੇ ਵਿਚ ਚਿਰਸਥਾਈ ਅਮਨ ਕਾਇਮ ਕਰਨਾ ਮੇਰੇ ਕਰੀਅਰ ਦੀ ਅਹਿਮ ਪ੍ਰਾਪਤੀ ਹੈ। ਮੈਂ (ਹਿੰਸਾ ਦੇ ਕੇਂਦਰ ਵਾਲੇ ਜ਼ਿਲ੍ਹੇ ਵਿਚ) ਜ਼ਿਲ੍ਹਾ ਮੈਜਿਸਟਰੇਟ ਵਜੋਂ ਤਾਇਨਾਤੀ ਲਈ ਖ਼ੁਦ ਨੂੰ ਪੇਸ਼ ਕੀਤਾ, ਜਦੋਂ ਮੇਘਾਲਿਆ ਵੱਖ ਵੱਖ ਕਬਾਇਲੀ ਭਾਈਚਾਰਿਆਂ ਦਰਮਿਆਨ ਲੰਮੇ ਸਮੇਂ ਤੋਂ ਚੱਲੀ ਆ ਰਹੀ ਸਮਾਜਿਕ ਅਸ਼ਾਂਤੀ ਅਤੇ ਨਸਲੀ ਟਕਰਾਅ ਦਾ ਸ਼ਿਕਾਰ ਸੀ।




ਇਹ ਅਫਸਰ ਇਸ ਕਾਰਨ ਅਮਨ ਬਹਾਲ ਕਰ ਸਕਿਆ ਕਿਉਂਕਿ ਉਹ ਨਿਰਪੱਖ ਸਾਲਸ ਵਜੋਂ ਕੰਮ ਕਰ ਰਿਹਾ ਸੀ ਅਤੇ ਉਹ ਆਪਸ ਵਿਚ ਲੜ ਰਹੇ ਕਿਸੇ ਕਬੀਲੇ ਨਾਲ ਸਬੰਧਿਤ ਨਹੀਂ ਸੀ। ਸਾਡੇ ਸੰਸਥਾਪਕ ਆਗੂਆਂ ਦਾ ਸਿਰਜਿਆ ਪ੍ਰਸ਼ਾਸਨ ਦਾ ਇਹ ਜ਼ਰੂਰੀ ਸੰਦ ਮਨੀਪੁਰ ਵਿਚ ਲਾਪਤਾ ਹੈ। ਕੁੱਲ ਹਿੰਦ ਸੇਵਾਵਾਂ (ਏਆਈਐੱਸ) ਦੇ ਅਫਸਰਾਂ ਦਾ ਮੰਤਵ ਪਹਿਲਾਂ ਆਪਣੇ ਕੇਡਰ ਜਾਂ ਸੂਬੇ ਦੀ ਸੇਵਾ ਕਰਨਾ ਹੁੰਦਾ ਹੈ ਨਾ ਕਿ ਦਿੱਲੀ ਜਾਂ ਹੋਰ ਕਿਤੇ ਵਧੀਆ ਟਿਕਾਣੇ ਤਲਾਸ਼ਣਾ। ਜਦੋਂ ਹਾਲਾਤ ਬੇਕਾਬੂ ਹੋ ਰਹੇ ਹਨ ਤਾਂ ਮਨੀਪੁਰ ਕੇਡਰ ਦੇ ਏਆਈਐੱਸ ਅਫਸਰਾਂ ਦੇ ਇਕ ਵੱਡੇ ਹਿੱਸੇ ਦੀ ਭਾਰੀ ਲੋੜ ਮਹਿਸੂਸ ਹੋ ਰਹੀ ਹੈ। ਪ੍ਰਸ਼ਾਸਕੀ ਤੇ ਸਿਆਸੀ ਵਿਤਕਰੇਬਾਜ਼ੀ ਅੰਨ੍ਹੀ ਬਗ਼ਾਵਤ ਦਾ ਸਭ ਤੋਂ ਵੱਡਾ ਕਾਰਨ ਹੈ। ਜਦੋਂ ਜਨਤਾ ਦੇ ਇਕ ਵੱਡੇ ਹਿੱਸੇ ਨੂੰ ਇਹ ਭਰੋਸਾ ਹੋ ਜਾਵੇ ਕਿ ਉਸ ਨੂੰ ਪੱਖਪਾਤੀ ਸਿਸਟਮ ਤੋਂ ਨਿਆਂ ਨਹੀਂ ਮਿਲੇਗਾ ਤਾਂ ਉਸ ਨੂੰ ਹਥਿਆਰ ਚੁੱਕਣ, ਲੜਨ ਤੇ ਮਰ-ਮਿਟਣ ਵਿਚ ਕੋਈ ਝਿਜਕ ਨਹੀਂ ਹੋਵੇਗੀ।

ਏਆਈਐੱਸ ਅਫਸਰਾਂ ਤੋਂ ਅਮਨ ਤੇ ਟਕਰਾਅ ਦੌਰਾਨ ਨਿਰਪੱਖ ਢੰਗ ਨਾਲ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਪੁਲੀਸ ਅਸਲ੍ਹਾਖ਼ਾਨਿਆਂ ਉਤੇ ਹਮਲੇ ਉਦੋਂ ਹੀ ਹੋ ਸਕਦੇ ਹਨ ਜਦੋਂ ਪਤਾ ਹੋਵੇ ਕਿ ਉਨ੍ਹਾਂ ਖ਼ਿਲਾਫ਼ ਇਸ ਲਈ ਕੋਈ ਕਾਰਵਾਈ ਨਹੀਂ ਹੋਵੇਗੀ ਅਤੇ ਲੁੱਟੇ ਗਏ ਹਥਿਆਰ ਬਾਗ਼ੀਆਂ ਕੋਲ ਹੋਣ ਤੋਂ ਸਥਾਨਕ ਪੁਲੀਸ ਦੀ ਉਨ੍ਹਾਂ ਨਾਲ ਮਿਲੀਭੁਗਤ ਸਾਫ਼ ਤੌਰ 'ਤੇ ਸਾਬਤ ਹੋ ਜਾਂਦੀ ਹੈ। ਮੁੜ ਇਹ ਸਵਾਲ ਪੈਦਾ ਹੁੰਦਾ ਹੈ: ਮਨੀਪੁਰ ਕੇਡਰ ਦੇ ਉਹ ਆਈਪੀਐੱਸ ਅਫਸਰ ਕਿਥੇ ਹਨ ਜਿਨ੍ਹਾਂ ਨੇ ਅਨੁਸ਼ਾਸਨ ਵਿਚ ਆਈ ਇਸ ਲਾਸਾਨੀ ਗਿਰਾਵਟ ਨੂੰ ਰੋਕਣਾ ਚਾਹੀਦਾ ਸੀ? ਜਿਹੜੇ ਲੋਕ ਚੰਗੇ ਪ੍ਰਸ਼ਾਸਨ ਦੇ ਦਾਅਵੇ ਕਰਦੇ ਹਨ, ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ ਮਨੀਪੁਰ ਵਿਚ ਤਾਂ ਸਰਕਾਰ ਦੇ ਬੁਨਿਆਦੀ ਸੰਦ ਨਿਰਪੱਖ ਅਫਸਰ ਹੀ ਲਾਪਤਾ ਹਨ। ਚੰਗੇ ਸ਼ਾਸਨ ਲਈ ਬੀਰੇਨ ਸਿੰਘ ਨੂੰ ਜਾਣ ਦੇਣਾ ਚਾਹੀਦਾ ਹੈ।







# ਜਗਮੀਤ ਸਿੰਘ ਨੇ ਗਾਲਾਂ ਕੱਢਣ ਵਾਲੇ ਨੂੰ ਗੱਲਬਾਤ ਦਾ ਦਿੱਤਾ ਸੱਦਾ



ਨਿਊਫਾਊਂਡਲੈਂਡ ਐਂਡ ਲੈਬਰਾਡੋਰ-ਐਨਡੀਪੀ ਆਗੂ ਜਗਮੀਤ ਸਿੰਘ ਨੇ ਗੱਡੀ ਵਿੱਚ ਲੰਘੇ ਜਾ ਰਹੇ ਤੇ ਉਨ੍ਹਾਂ ਨੂੰ ਤੰਗ ਪਰੇਸ਼ਾਨ ਕਰ ਰਹੇ ਇੱਕ ਵਿਅਕਤੀ ਨੂੰ ਰੌਲਾ ਪਾਉਣ ਦੀ ਥਾਂ ਖੁੱਲ੍ਹ ਕੇ ਗੱਲਬਾਤ ਕਰਨ ਦਾ ਸੱਦਾ ਦਿੱਤਾ। ਜਗਮੀਤ ਸਿੰਘ, ਸੇਂਟ ਜੌਹਨਜ਼, ਨਿਊਫਾਊਂਡਲੈਂਡ ਐਂਡ ਲੈਬਰਾਡੋਰ ਵਿੱਚ ਡੋਮੀਨੀਅਨ ਗ੍ਰੌਸਰੀ ਸਟੋਰ ਦੇ ਬਾਹਰ ਖਾਣ ਪੀਣ ਦੀਆਂ ਚੀਜ਼ਾਂ ਦੀਆਂ ਉੱਚੀਆਂ ਕੀਮਤਾਂ ਬਾਰੇ ਗੱਲ ਕਰ ਰਹੇ ਸਨ ਜਦੋਂ ਕਾਲੀ ਕਾਰ ਵਿੱਚ ਨੇੜਿਓ ਲੰਘੇ ਜਾ ਰਹੇ ਇੱਕ ਵਿਅਕਤੀ ਨੇ ਕਾਰ ਪਾਰਕਿੰਗ ਲੌਟ ਵਿੱਚ ਰੋਕ ਕੇ ਜਗਮੀਤ ਸਿੰਘ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬਾਰੇ ਗਲਤ ਮਲਤ ਬੋਲਣਾ ਸ਼ੁਰੂ ਕਰ ਦਿੱਤਾ। ਉਸ ਨੇ ਦੋਵਾਂ ਆਗੂਆਂ ਬਾਰੇ ਲੱਚਰ ਕਿਸਮ ਦੀਆਂ ਗੱਲਾਂ ਬੋਲੀਆਂ। ਇਸ ਉੱਤੇ ਜਗਮੀਤ ਸਿੰਘ ਨੇ ਆਖਿਆ ਕਿ ਜੇ ਤੁਸੀਂ ਹੋਮੋਫੋਬਿਕ ਹੋਂ ਤਾਂ ਇਸ ਨੂੰ ਆਪਣੇ ਤੱਕ ਰੱਖੋ। ਤੁਹਾਡਾ ਹੋਮੋਫੋਬੀਆ ਬਹੁਤ ਹੀ ਅਢੁਕਵਾਂ ਹੈ। ਜਦੋਂ ਉਹ ਵਿਅਕਤੀ ਗਾਲਾਂ ਕੱਢਣ ਤੋਂ ਨਹੀਂ ਹਟਿਆ ਤਾਂ ਜਗਮੀਤ ਸਿੰਘ ਨੇ ਆਖਿਆ ਕਿ "ਤੂੰ ਗੱਡੀ ਚਲਾ ਕੇ ਦੂਰ ਜਾ ਰਿਹਾ ਹੈ ਮੈਂ ਤਾਂ ਇੱਥੇ ਹੀ ਖੜ੍ਹਾ ਹਾਂ, ਜੇ ਤੈਨੂੰ ਠੀਕ ਲੱਗੇ ਤਾਂ ਆਪਾਂ ਗੱਲਬਾਤ ਵੀ ਕਰ ਸਕਦੇ ਹਾਂ।" ਇਸ ਤੋਂ ਬਾਅਦ ਉਹ ਵਿਅਕਤੀ ਉੱਥੋਂ ਚਲਾ ਗਿਆ। ਫਿਰ ਜਗਮੀਤ ਸਿੰਘ ਨੇ ਆਪਣੀ ਪ੍ਰੈੱਸ ਕਾਨਫਰੰਸ ਮੁੜ ਸ਼ੁਰੂ ਕਰ ਦਿੱਤੀ।

# ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਦੇ ਕਵੀ ਦਰਬਾਰ 'ਚ ਕਵੀਆਂ ਨੇ ਖ਼ੂਬਸੂਰਤ ਮਾਹੌਲ ਸਿਰਜਿਆ

ਸਰੀ (ਹਰਦਮ ਮਾਨ)-ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਕਰਵਾਏ ਗਏ ਮਾਸਿਕ ਕਵੀ ਦਰਬਾਰ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਕਵੀਆਂ ਨੇ ਆਪਣੇ ਵੱਖ ਵੱਖ ਅੰਦਾਜ਼ ਅਤੇ ਕਲਾਮ ਰਾਹੀਂ ਖ਼ੂਬਸੂਰਤ ਕਾਵਿਕ ਮਾਹੌਲ ਸਿਰਜਿਆ। ਕਵੀ ਦਰਬਾਰ ਦੀ ਪ੍ਰਧਾਨਗੀ ਸੈਂਟਰ ਦੇ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਕੀਤੀ। ਮੰਚ ਸੰਚਾਲਕ ਹਰਚੰਦ ਸਿੰਘ ਗਿੱਲ ਨੇ ਸ਼ਾਮਲ ਹੋਏ ਕਵੀਆਂ ਅਤੇ ਸਰੋਤਿਆਂ ਨੂੰ ਜੀ ਆਇਆਂ ਕਿਹਾ ਅਤੇ ਆਪਣੇ ਖੁਸੂਸੀ ਲਹਿਜ਼ੇ ਵਿਚ ਕਵੀਆਂ ਨੂੰ ਪੇਸ਼ ਕੀਤਾ। ਕਵੀ ਦਰਬਾਰ ਵਿਚ, ਬਲਬੀਰ ਸਿੰਘ ਸੰਘਾ, ਅਵਤਾਰ ਸਿੰਘ ਬਰਾੜ, ਮਾਸਟਰ ਮਲਕੀਤ ਸਿੰਘ ਗਿੱਲ, ਦਰਸ਼ਨ ਸਿੰਘ ਅਟਵਾਲ, ਗੁਰਦਰਸ਼ਨ ਸਿੰਘ ਤਤਲਾ, ਤੇਜਿੰਦਰ ਕੌਰ ਬੈਂਸ, ਗੁਰਮੀਤ ਸਿੰਘ ਕਾਲਕਟ, ਗੁਰਚਰਨ ਸਿੰਘ ਸੇਖੋਂ, ਮਨਜੀਤ ਸਿੰਘ ਮੱਲ੍ਹਾ, ਜਗਜੀਤ ਸੇਖੋਂ, ਅਮਰੀਕ ਸਿੰਘ ਲੇਹਲ, ਗੁਰਦਰਸ਼ਨ ਬਾਦਲ, ਹਰਦਮ ਸਿੰਘ ਮਾਨ, ਨਿਰੰਜਣ ਸਿੰਘ ਲਹਿਲ, ਚਮਕੌਰ ਸਿੰਘ ਸੇਖੋਂ, ਸੁਖਦੇਵ ਸਿੰਘ ਦਰਦੀ, ਸੁਰਜੀਤ ਸਿੰਘ ਗਿੱਲ, ਰਣਜੀਤ ਸਿੰਘ ਨਿੱਝਰ, ਅਮਰ ਸਿੰਘ ਮੁੰਡੀ, ਭਗਵਾਨ ਸਿੰਘ ਅਟਵਾਲ ਨੇ ਕਵਿਤਾਵਾਂ ਅਤੇ ਗੀਤਾਂ ਦੀ ਪੇਸ਼ਕਾਰੀ ਨਾਲ ਸਰੋਤਿਆਂ ਦੀ ਖ਼ੂਬ ਵਾਹਵਾ ਖੱਟੀ। ਕਵੀ ਦਰਬਾਰ ਵਿਚ ਪੰਜਾਬ ਤੋਂ ਆਏ ਬਨੂੜ ਮਾਰਕੀਟ ਕਮੇਟੀ ਦੇ ਚੇਅਰਮੈਨ ਜਸਵਿੰਦਰ ਸਿੰਘ ਜੱਸੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਅਤੇ ਉਨ੍ਹਾਂ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਬਹੁਤ ਸਾਰੇ ਕਵੀਆਂ ਦੀਆਂ ਰਚਨਾਵਾਂ ਉੱਚਪਾਏ ਦੀਆਂ ਸਨ। ਉਨ੍ਹਾਂ ਮਹਾਨ ਸ਼ਹੀਦ ਊਧਮ ਸਿੰਘ ਦੀ ਬਰਸੀ ਮੌਕੇ ਉਨ੍ਹਾਂ ਨੂੰ ਯਾਦ ਕੀਤਾ ਅਤੇ ਆਪਣੀ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਅਮਰ ਸਿੰਘ ਮੁੰਡੀ ਨੇ ਸੈਂਟਰ ਲਈ 500 ਡਾਲਰ ਭੇਂਟ ਕੀਤੇ ਅਤੇ ਭਗਵਾਨ ਸਿੰਘ ਅਟਵਾਲ ਨੇ ਸਭਨਾਂ ਲਈ ਚਾਹ ਪਾਣੀ ਦਾ ਪ੍ਰਬੰਧ ਕੀਤਾ। ਅੰਤ ਵਿਚ ਪ੍ਰਧਾਨ ਹਰਪਾਲ ਸਿੰਘ ਬਰਾੜ ਨੇ ਸਾਰੇ ਕਵੀਆਂ, ਸਹਿਯੋਗੀਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਸਿੱਧ ਕਵੀਸ਼ਰ ਅਤੇ ਸ਼ਾਇਰ ਚਮਕੌਰ ਸਿੰਘ ਸੇਖੋਂ ਵੱਲੋਂ 'ਸੰਘਰਸ਼ੀ ਯੋਧੇ' ਮਾਰਕੀਟ ਕਮੇਟੀ ਬਨੂੜ ਦੇ ਚੇਅਰਮੈਨ ਜਸਵਿਦਰ ਸਿੰਘ ਜੱਸੀ ਨੂੰ ਭੇਟ ਕੀਤੀ ਗਈ।

# ਏਲਨ ਮਸਕ 'ਤੇ ਫਰਾਂਸ ਨੇ ਟਵਿੱਟਰ ਨੂੰ 'ਐਕਸ' ਨਾਮ ਦੇਣ ਲਈ ਕਾਪੀਰਾਈਟ ਮੁਕੱਦਮਾ ਕੀਤਾ ਦਾਇਰ

ਪੈਰਿਸ-ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਏਲਨ ਮਸਕ ਆਪਣੇ ਨਵੇਂ ਤਜ਼ਰਬਿਆਂ ਕਾਰਨ ਅਕਸਰ ਸੁਰਖੀਆਂ 'ਚ ਰਹਿੰਦੇ ਹਨ। ਪਰ ਇਸ ਵਾਰ ਅਜਿਹੇ ਹੀ ਨਵੇਂ ਪ੍ਰਯੋਗ ਨੇ ਉਨ੍ਹਾਂ ਦੀ ਮੁਸੀਬਤ ਵਧਾ ਦਿੱਤੀ ਹੈ। ਦਰਅਸਲ, ਮਸਕ ਨੇ ਕੁਝ ਦਿਨ ਪਹਿਲਾਂ ਹੀ ਟਵਿੱਟਰ ਦਾ ਨਾਂ ਬਦਲ ਕੇ ਐਕਸ (ਐਕਸ) ਕਰ ਦਿੱਤਾ ਸੀ। ਹੁਣ ਫਰਾਂਸ ਦੀ ਅੰਤਰਰਾਸ਼ਟਰੀ ਨਿਊਜ਼ ਏਜੰਸੀ 'ਏਐਫਪੀ' ਨੇ ਏਲਨ ਮਸਕ 'ਤੇ ਕਾਪੀਰਾਈਟ ਦਾ ਮੁਕੱਦਮਾ ਕੀਤਾ ਹੈ। ਦਾ ਕਹਿਣਾ ਹੈ ਕਿ ਉਸਨੇ ਆਪਣੀ ਖ਼ਬਰ ਸਮੱਗਰੀ ਲਈ ਸੰਭਾਵੀ ਭੁਗਤਾਨ ਨੂੰ ਸੁਰੱਖਿਅਤ ਕਰਨ ਦੀ ਕੋਸ਼ਿਸ਼ ਵਿੱਚ ਸੋਸ਼ਲ ਮੀਡੀਆ ਪਲੇਟਫਾਰਮ ਖਿਲਾਫ ਇੱਕ ਕਾਪੀਰਾਈਟ ਮੁਕੱਦਮਾ ਦਾਇਰ ਕੀਤਾ ਹੈ। 'ਐਕਸ' ਨੂੰ ਪਹਿਲਾਂ ਟਵਿੱਟਰ ਵਜੋਂ ਜਾਣਿਆ ਜਾਂਦਾ ਸੀ। ਸਮਾਚਾਰ ਏਜੰਸੀ ਨੇ ਕਿਹਾ ਕਿ ਉਸਨੇ ਬੁੱਧਵਾਰ ਨੂੰ ਪੈਰਿਸ ਦੀ ਇੱਕ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਤਾਂ ਕਿ ਉਹ ਏਲਨ ਮਸਕ ਦੀ ਕੰਪਨੀ ਨੂੰ ਡੇਟਾ ਪ੍ਰਦਾਨ ਕਰਨ ਲਈ ਮਜ਼ਬੂਰ ਕਰਨ ਲਈ "ਏਜੰਸੀ ਫਰਾਂਸ-ਪ੍ਰੈਸ (ਏਐਫਪੀ) ਨੂੰ ਬਕਾਇਆ ਭੁਗਤਾਨਾਂ ਦਾ ਮੁਲਾਂਕਣ ਕਰਨ ਦੀ ਲੋੜ ਹੈ।"



# Gold Key INSURANCE

**Number 1 in the Community for 25 Years.**

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

ICBC autoplan

**OPEN 7 DAYS**

www.goldkeyinsurance.ca


fruiticana hee jaana!
LONG WEEKEND SPECIALS
LOWEST PRICES IN TOWN
EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$16.99 bag
EXTRA SUPER SUPER SPECIAL
Jumbo Size Cauliflower
ਵੱਡਾ ਗੋਬੀ ਦਾ ਫੁੱਲ
$2.48 ea.
Vidhya Pani Puri (Gol Gappa) 260 g
ਵਿਧਿਆ ਪਾਣੀ ਪੁਰੀ ਗੋਲਗੱਪੇ
$5.99 pkg.
SUPER SPECIAL
Roma Tomatoes
ਰੋਮਾ ਟਮਾਟਰ
99¢ lb
SUPER SUPER SPECIAL
Red Onions 25 lbs
ਲਾਲ ਗੰਢੇ
RED ONIONS
$16.99 bag
SUPER SPECIAL
BC Cherries Large Size
ਬੀਸੀ ਵੱਡੀਆਂ ਚੈਰੀਆਂ
$2.49 lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Daikon (Moli) BC
ਮੂਲੀ ਬੀਸੀ
99¢ lb
SUPER SPECIAL
Jumbo Size Cantaloupe
ਵੱਡੇ ਖਰਬੂਜੇ
$1.49 ea.
SUPER SPECIAL
Seedless Watermelons
ਬਿਨਾਂ ਬੀਜ ਹਦਵਾਣਾ
69¢ lb
SUPER SPECIAL
Rooh Afza Indian 750 ml
ਰੂਹ ਅਫਜ਼ਾ
$2.99 bottle
Broccoli Crown
ਬਰੌਕਲੀ ਕਰਾਊਨ
$1.49 lb
Almonds #1
ਬਦਾਮ
$3.98 lb
Green Cabbage
ਹਰੀ ਬੰਦ ਗੋਭੀ
59¢ lb
Red, Yellow & Orange Peppers BC
ਸ਼ਿਮਲਾ ਮਿਰਚਾਂ (ਲਾਲ,ਪੀਲੀਆਂ ਅਤੇ ਸੰਤਰੀ) ਬੀਸੀ
99¢ lb
Corn on the Cob BC
ਬੀ. ਸੀ ਮਕਈ
2 for $1.50
English Cucumbers BC
ਇੰਗਲਿਸ਼ ਖੀਰੇ ਬੀਸੀ
2 for $1.50
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
99¢ lb
Green Cardamom (Elaichi) IBG
ਹਰੀ ਇਲਾਇਚੀ
$13.99 lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$5.98 bag
Gala Apples
ਗਾਲਾ ਸੇਬ
$1.49 lb
Pink Lady Apples
ਪੀਂਕ ਲੇਡੀ ਐਪਲ
99¢ lb
Cilantro
ਧਣੀਆ
2 bunches for $1.49
Opo Squash (Long)
ਓਪੋ ਕੱਦੂ
79¢ lb
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Chickpeas
ਚਿੱਟੇ ਛੋਲੇ
99¢ lb
Zucchini Squash
ਜ਼ੁਕੀਨੀ ਸਕੁਐਸ਼
79¢ lb
Rapini (Sarson da Saag)
ਸਰਸੋਂ ਦਾ ਸਾਗ
$2.49 bunch
Plums
ਆਲੂਬੁਖਾਰਾ
$1.88 lb
Red Lentil Whole
ਮਸਰਾ ਦੀ ਸਾਬਤ ਦਾਲ
98¢ lb
Black Chana, Chana Dal & Red Lentil Whole, Red Lentil Split 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ, ਧੋਤੀ ਮਸਰਾਂ ਦੀ ਦਾਲ ( ਇੰਡੀਕੈਂਨ )
$3.98 bag
Thur Aug 03, 2023 - Wed Aug 09, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS 9AM - 9PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------ 6257 Fraser St. -------------- 604-321-9931
Richmond-------- 4101 No.5 Rd. --------------- 604-244-9520